# ਆਧੁਨਿਕ ਯੁੱਗ ਵਿਚ ਗੁਰੂ ਨਾਨਕ ਬਾਣੀ ਦੀ ਪ੍ਰਸੰਗਿਕਤਾ

**ਡਾ. ਬਲਜੀਤ ਸਿੰਘ ਵਿਰਕ**[1], **ਡਾ. ਭਾਰਤਬੀਰ ਕੌਰ ਸੰਧੂ**[2]

1. ਸਹਾਇਕ ਪ੍ਰੋਫੈਸਰ, ਇਤਿਹਾਸ ਵਿਭਾਗ, ਜੀ.ਐਚ.ਜੀ. ਖਾਲਸਾ ਕਾਲਜ, ਗੁਰੂਸਰ ਸਧਾਰ।
2. ਐਸੋਸੀਏਟ ਪ੍ਰੋਫੈਸਰ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

✆ 9501033563

15ਵੀਂ ਤੇ 16ਵੀਂ ਸਦੀ ਦੇ ਪੰਜਾਬ ਦੇ ਹਾਲਾਤ ਬੜੇ ਹੀ ਅਣਸੁਖਾਵੇਂ ਸਨ। ਤਖ਼ਤ ਦੀ ਦੁਰਵਰਤੋਂ ਹੇਠ ਲੋਕਾਈ ਦਾ ਦਮ ਘੁੱਟ ਰਿਹਾ ਸੀ। ਰਾਜ ਸੱਤਾ ਦੇ ਪਾਪਾਂ ਦੀ ਕੰਬਲੀ ਭਾਰੀ ਹੋ ਚੁੱਕੀ ਸੀ। ਰਾਜੇ ਤੋਂ ਮੁਕੱਦਮ ਤਕ ਸਭ ਪਰਜਾ ਨੂੰ ਨੋਚ ਰਹੇ ਸਨ। ਰਾਖਾ ਉਜਾੜੇ ਦਾ ਮੋਢੀ ਬਣ ਬੈਠਾ ਸੀ। ਤੰਦ ਨਹੀਂ ਸਗੋਂ ਤਾਣੀ ਹੀ ਉਲਝੀ ਹੋਈ ਸੀ। ਪਾਖੰਡਵਾਦ ਦੀ ਧੂੜ ਨੇ ਸੱਚ ਦੀਆਂ ਪੈੜਾਂ ਦੇ ਨਿਸ਼ਾਨ ਲੁਕੋ ਲਏ ਸਨ। ਅਭਿੱਜ ਮਨ ਦੁਨਿਆਵੀ ਭੰਵਰਜਾਲ ਵਿਚ ਫਸਿਆ ਗੋਤੇ ਖਾ ਰਿਹਾ ਸੀ। ਖੋਟੇ ਮਨ ਤੀਰਥਾਂ ਦੀ ਦੌੜ ਲਈ ਜ਼ੋਰ ਅਜ਼ਮਾਈ ਕਰ ਰਹੇ ਸਨ। ਸੱਚ ਦੇ ਪੂਰਨੇ ਮਨ ਦੀ ਕਾਲ਼ਖ ਹੇਠ ਲੁਕ ਕੇ ਰਹਿ ਗਏ ਸਨ। ਅੱਲ੍ਹਾ ਨੂੰ ਸਿੱਜਦਾ ਕਰਦੇ ਸਮੇਂ ਸਿਆਸੀ ਮਨ ਘੋੜਿਆਂ ਦੀ ਖ਼ਰੀਦੋ ਫ਼ਰੋਖ਼ਤ ਵਿਚ ਮਸਰੂਫ਼ ਸੀ। ਘਰ ਦੇ ਖ਼ਿਆਲਾਂ ਵਿਚ ਬੇਸੁੱਧ ਕਾਜ਼ੀ ਸੱਚੇ ਨਮਾਜ਼ੀ ਹੋਣ ਦਾ ਭਰਮ ਪਾਲ ਰਿਹਾ ਸੀ। ਰਿਸ਼ਵਤ ਦੇ ਬੋਲਬਾਲੇ ਅੰਦਰ ਲੋਕਾਈ ਦੀ ਝੋਲੀ ਨਿਆਂ ਤੋਂ ਖਾਲੀ ਸੀ। ਪਾਖੰਡ ਦੀ ਅਮਰਵੇਲ ਨੇ ਸੱਚੇ ਜੋਗ ਦੇ ਹਰਿਆਲੇ ਬੂਟੇ ਨੂੰ ਢੱਕ ਲਿਆ ਸੀ। ਵਰਨਾ ਪ੍ਰਬੰਧ ਦੀਆਂ ਗੰਢਾਂ ਐਨੀਆਂ ਪੀਡੀਆਂ ਸਨ ਕਿ ਸਧਾਰਨ ਮਨੁੱਖ ਇਹਨਾਂ ਦੇ ਖੁੱਲ੍ਹਣ ਦੀ ਆਸ ਲਾਹ ਬੈਠਾ ਸੀ। ਪਾਪ ਦੀ ਜੰਞ ਬੇਕਸੂਰਾਂ ਦੇ ਕਤਲੇਆਮ ’ਤੇ ਚਾਬੜਾਂ ਮਾਰਦੀ ਹੈ। ਸੱਤਾ ’ਤੇ ਕਾਬਜ਼ ਧਿਰ ਪਹਿਰਾਵਾ ਤੇ ਭਾਸ਼ਾ ਦੀ ਆਜ਼ਾਦੀ ਵੀ ਖੋਹ ਲੈਂਦੀ ਹੈ। ਹਮਲਾਵਰ ਕੇਵਲ ਸੱਤਾ ਹੀ ਨਹੀਂ ਹਥਿਆਉਂਦਾ ਸਗੋਂ ਉਹ ਸਥਾਪਿਤ ਸੱਭਿਆਚਾਰ ਨੂੰ ਵੀ ਉਖਾੜਦਾ ਹੈ। ਆਰੀਅਨ ਸਮਾਜਿਕ ਪ੍ਰਬੰਧ ਨੂੰ ਅਜਿਹਾ ਡੰਗਦੇ ਹਨ ਕਿ ਅੱਜ ਤੱਕ ਵੀ ਕਿਸੇ ਨਾ ਕਿਸੇ ਰੂਪ ਵਿਚ ਸਮਾਜਿਕ ਵਿਤਕਰਾ ਵੇਖਣ ਨੂੰ ਮਿਲਦਾ ਹੈ। ਕਈ ਸਥਾਨਾਂ ’ਤੇ ਇਹ ਵੰਡ ਸ਼ਮਸ਼ਾਨ ਘਾਟਾਂ ਤਕ ਵੀ ਦਿਖਾਈ ਦਿੰਦੀ ਹੈ। ਭਾਰਤ ’ਚ ਅੱਜ ਵੀ ਕਈ ਥਾਈਂ ਨੀਵੀਂ ਜਾਤ ਦਾ ਲਾੜਾ ਘੋੜੀ ’ਤੇ ਨਹੀਂ ਚੜ੍ਹ ਸਕਦਾ। ਕਾਸ਼! ਅਜਿਹੇ ਲੋਕਾਂ ਦਾ ਮਨ ਕਦੇ ਚਿਤਵਦਾ: ‘ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ, ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ’। ਰੱਬ ਦੇ ਬੰਦਿਆਂ ਲਈ ਰੱਬ ਦੇ ਦਰ ਹੀ ਭੇੜ ਲਏ ਗਏ। ਮੱਧਕਾਲੀਨ ਸਮਾਜ ’ਤੇ ਸਮਾਜਿਕ ਫੁੱਟ ਦੇ ਨਾਲ-ਨਾਲ ਫ਼ਿਰਕੂ ਰੰਗਤ ਵੀ ਚੜ੍ਹ ਗਈ। ਗਿਆਨਹੀਣ ਪਰਜਾ ਅੰਧਵਿਸ਼ਵਾਸਾਂ ਦੀ ਧੁੰਨ ਵਿਚ ਮਸਤੀ ਵਿਚ ਝੂਮ ਰਹੀ ਸੀ। ਸੂਰਜ ਨੂੰ ਪਾਣੀ ਦੇਣ ਵਾਲੇ ਖੇਤਾਂ ਨੂੰ ਪਾਣੀ ਦੇਣ ਲੱਗਿਆਂ ਅਚੰਭਿਤ ਹੋਏ। ਅਗਿਆਨੀਆਂ ਨੂੰ ਗ਼ੁਲਾਮੀ ਦੀ ਛਮਕ ਦੀ ਪੀੜ ਨਹੀਂ ਹੁੰਦੀ। ਸਿਖਾਂਦਰੂ ਬਲਦ ਵਾਂਗ ਉਹ ਹਕੂਮਤ ਦੇ ਗੱਡੇ ਦਾ ਬੋਝ ਖ਼ੁਦ ਚੁੱਕ ਲੈਂਦੇ ਹਨ। ਵਿਕਾਰਾਂ ਦੀ ਧੁੰਦ ਦਾ ਪਸਾਰਾ ਚਹੁੰ ਕੂਟੀ ਨਜ਼ਰ ਆ ਰਿਹਾ ਸੀ। ਵਲੀ ਕੰਧਾਰੀ ਕੁਦਰਤੀ ਸੋਮੇ ’ਤੇ ਕਾਬਜ਼ ਸੀ। ਕੁਦਰਤੀ ਸਾਧਨਾਂ ਦੀ ਲੁੱਟ ਖਸੁੱਟ ਅੱਜ ਵੀ ਬਾ-ਦਸਤੂਰ ਜਾਰੀ ਹੈ। ਬਿਨਾਂ ਵਿਚਾਰਿਆਂ ਵਿੱਦਿਆ ਇਕ ਰਸਮੀ ਪ੍ਰਕਿਰਿਆ ਬਣ ਕੇ ਰਹਿ ਗਈ ਸੀ। ਜਦਿਕ ਗੁਰਬਾਣੀ ‘ਵਿਦਿਆ ਵੀਚਾਰੀ ਤਾਂ ਪਰਉਪਕਾਰੀ’ ਦੀ ਹਾਮੀ ਭਰਦੀ ਹੈ। ਅਗਿਆਨੀ ਗਿਆਨ ਪ੍ਰਕਾਸ਼ ਕਰਨ ਲਈ ਕਿਤਾਬੀ ਭਾਰ ’ਤੇ ਫੋਕੇ ਦਾਅਵੇ ਜਿਤਾ ਰਹੇ ਸਨ। ਦੀਵੇ ਥੱਲੇ ਹਨੇਰਾ ਸੀ। ਅਜਿਹੀ ‘ਵਿੱਦਿਆ ਦੀ ਵਲਗਣ’ ਨੂੰ ਰੱਦ ਕਰਨ ਦਾ ਸਾਹਸ ਗਵਾਚ ਗਿਆ ਲੱਗਦਾ ਹੈ। ਅਜੋਕੇ ਵਿੱਦਿਅਕ ਢਾਂਚੇ ’ਚੋਂ ਵੀ ਸੰਵਾਦ ਦੀ ਵਿਧਾ ਖਤਮ ਹੋ ਗਈ ਲੱਗਦੀ ਹੈ। ਕਰਮਾਂ ਵਾਲੇ ਨੂੰ ਹੀ ਗੁਰੂ ਦੀ ਹੱਟ ਨਸੀਬ ਹੁੰਦੀ ਹੈ: ‘ਹੱਟ ਖੁੱਲ੍ਹ ਗਈ ਬਾਬੇ ਨਾਨਕ ਦੀ ਸੌਦਾ ਲੈਣਗੇ ਨਸੀਬਾਂ ਵਾਲੇ’। ਪਰ ਅਜੋਕੇ ਸਮੇਂ ਗੁਰੂ ਦੇ ਨਾਂ ਹੇਠ ਚੱਲ ਰਹੇ ਵਪਾਰ ਬਾਰੇ ਚੁੱਪ ਹੀ ਭਲੀ:

*ਤੁਸੀਂ ਪੁੱਛ ਸਕਦੇ ਹੋ*
*ਕਿ ਨਾਨਕ ਦੇ ਨਾਂ ’ਤੇ ਖੁਲ੍ਹੇ*
*ਮੋਦੀਖਾਨਿਆਂ ਦੇ ਮਾਲਕ*
*ਭਲਾ ਨਾਨਕ ਦੇ ਕੀ ਲਗਦੇ ਹਨ।*

ਰਸਮਾਂ ਦੇ ਬੰਧਨਾਂ ਨੇ ਮਨੁੱਖ ਨੂੰ ਜਨਮ ਤੋਂ ਮਰਨ ਤੱਕ ਜਕੜ ਰੱਖਿਆ ਸੀ। ਲੁੱਟ ਖਰੇ ਸੌਦੇ ਨੂੰ ਸਮਝਣ ਵਿਚ ਨਾਕਾਮ ਸੀ। ਕਿਰਤ ਭਾਗੋ ਦੇ ਨਾਗਵਲ ’ਚ ਬੇਜਾਨ ਹੋ ਕੇ ਰਹਿ ਗਈ। ਧਰਤੀ ਕਿਸੇ ਅਗਵਾਈ ਦੀ ਉਡੀਕ ਵਿਚ ਸੀ। ‘ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ’ ਨਾਲ ਇਹ ਉਡੀਕ ਖਤਮ ਹੁੰਦੀ ਹੈ।

ਅਧਿਆਤਮਿਕਤਾ ਜਦ ਹਲ਼ ਵਾਹੁੰਦੀ ਹੈ ਤਾਂ ਕਿਰਤ ਦਾ ਕਰਤਾਰਪੁਰ ਵੱਸਦਾ ਹੈ। ਜਗਤ ਸੋਧਣ ਵਾਲਾ ਜਦ ਖੇਤਾਂ ਨੂੰ ਸੰਵਾਰਦਾ ਹੈ ਤਾਂ ਸਮੇਂ ਦੇ ਨਦੀਨ ਸਿਰ ਸੁੱਟ ਬੈਠਦੇ ਹਨ। ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਪ੍ਰਵਾਹ ਚਲਦਾ ਹੈ। ਸਿੰਙੀ ਵਜਾਉਣ ਵਾਲੇ ਘਰਾਂ ਦੀਆਂ ਦਹਿਲੀਜ਼ਾਂ ਨਹੀਂ ਲੰਘ ਪਾਉਂਦੇ। ਧੁਰ ਕੀ ਬਾਣੀ ਜਗਤ ਦੇ ਧੁੰਧੂਕਾਰੇ ਨੂੰ ਮਿਟਾਉਣ ਲਈ ਇਲਾਹੀ ਰਾਗ ਛੇੜਦੀ ਹੈ। ਧਰਤ ਸੋਧਣ ਲਈ ਸੰਵਾਦ ਦੀ ਸ਼ੁਰੂਆਤ ਹੁੰਦੀ ਹੈ। ਧਰਮਸਾਲ ਬਣਦੀ ਹੈ: 'ਜਿਥੇ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ'। 'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ' ਦੇ ਸੰਦੇਸ਼ ਨਾਲ ਮਨੁੱਖੀ ਵੰਡੀਆਂ ਦੀਆਂ ਲਕੀਰਾਂ ਮਿਟਦੀਆਂ ਹਨ। ਸੁਲਤਾਨਪੁਰ 'ਚੋਂ ਤੇਰਾ ਤੇਰਾ ਦੀ ਆਵਾਜ਼ ਗੂੰਜਦੀ ਹੈ। ਗੋਰਖਮਤਾ ਨਾਨਕ ਮਤੇ ਵਿਚ ਤਬਦੀਲ ਹੁੰਦਾ ਹੈ। ਹਨੇਰ ਚਾਨਣ ਨੂੰ ਰੁਸ਼ਨਾਉਣ ਤੋਂ ਰੋਕਣ ਲਈ ਮੋਦੀ ਖਾਨੇ ਦਾ ਵਹੀ ਖਾਤਾ ਪੜਤਾਲਦਾ ਹੈ ਕਿਉਂਕਿ ਦੌਲਤ ਖਾਂ ਸੱਚੇ ਸੌਦੇ ਦੇ ਰਾਹਾਂ ਦਾ ਰਾਹੀ ਨਹੀਂ ਸੀ। 'ਨਾ ਕੋਇ ਹਿੰਦੂ ਨਾ ਕੋਇ ਮੁਸਲਮਾਨ' ਦਾ ਪ੍ਰਵਚਨ ਸਿਰਜਿਆ ਗਿਆ। ਸ਼ਬਦ ਤੇ ਸੁਰ ਦਾ ਰਿਸ਼ਤਾ ਇਕਸੁਰ ਹੋਇਆ। ਮਰਜਾਣਾ 'ਮਰਦਾਂ ਦਾ ਮਰਦ' ਹੋ ਗਿਆ। ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਬਣਾ ਕੇ ਉੱਤਰਾਧਿਕਾਰ ਦੇ ਜੱਦੀ ਪੁਸ਼ਤੀ ਦਾਅਵਿਆਂ ਨੂੰ ਖ਼ਾਰਜ ਕਰ ਦਿੱਤਾ। ਗੁਰੂ ਸਾਹਿਬ ਦੇ ਇਸ ਫ਼ੈਸਲੇ ਨੇ ਦਰਸਾ ਦਿੱਤਾ ਕਿ ਸੱਤਾ ਹੀ ਨਹੀਂ ਸਗੋਂ ਅਧਿਆਤਮਿਕਤਾ ਦੀ ਅਗਵਾਈ ਵੀ ਯੋਗ ਹੱਥਾਂ ਵਿਚ ਹੋਣੀ ਅਤਿ ਜ਼ਰੂਰੀ ਹੈ: 'ਤਖਤਿ ਬਹੈ ਤਖਤੈ ਕੀ ਲਾਇਕ'।

ਸੁਤੰਤਰਤਾ, ਸਮਾਨਤਾ ਤੇ ਭਾਈਚਾਰੇ 'ਤੇ ਅਧਾਰਿਤ ਸਮਾਜ ਵਿਚ ਮਨੁੱਖੀ ਵਿੱਥਾਂ ਲਈ ਕੋਈ ਥਾਂ ਨਹੀਂ। ਲੋਕਾਈ ਦਾ ਦਰਦ ਰੱਬ ਨੂੰ 'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ' ਦਾ ਸਵਾਲ ਕਰਦਾ ਹੈ। ਜ਼ੁਲਮ ਦੇ ਮਾਰੂਥਲ ਦੀ ਤਪਸ਼ ਹਰ ਇਕ ਦੇ ਪੈਰ ਲੂੰਹਦੀ ਹੈ। ਜੱਗ ਜਨਨੀ ਪਾਪ ਦੀ ਜੰਞ ਅੱਗੇ ਲਾਚਾਰ ਸੀ। ਇਤਿਹਾਸ ਦਾ ਇਹ ਇਕ ਬੜਾ ਦੁਖਦ ਅਧਿਆਇ ਹੈ ਜਿਸ ਵਿਚ ਅਕਹਿ, ਅਸਹਿ ਅਤੇ ਅਣਥੱਕ ਪੀੜਾ ਦਾ ਬਿਰਤਾਂਤ ਹੈ। ਬਿਖੜੇ ਰਾਹਾਂ 'ਤੇ ਪੈਰਾਂ ਦੇ ਨਿਸ਼ਾਨ ਰਸਤੇ ਬਣਾਉਂਦੇ ਹਨ। ਟਾਹਣੀ ਨਾਲੋਂ ਤੋੜੀਆਂ ਪੱਤੀਆਂ ਦੀ ਗ਼ਜ਼ਨੀ ਦੇ ਬਜ਼ਾਰਾਂ ਵਿਚ ਬੋਲੀ ਲੱਗਦੀ ਹੈ। ਮਨਮੁਖ ਮਨਮਤੀਆਂ ਕਰ ਕੇ ਮਨੁੱਖਤਾ ਨੂੰ ਹੀ ਮਾਰ ਲੈਂਦਾ ਹੈ। ਮਾੜਿਆਂ ਨੂੰ ਸੋਧਣ ਤੋਂ ਬਾਅਦ ਹੀ ਗੁਰ ਸੰਗਤ ਦੀ ਪ੍ਰਾਪਤੀ ਹੁੰਦੀ ਹੈ ਜਦ ਕਿ ਚੰਗੇ ਦੇ ਦਰ ਗੁਰੂ ਦਾ ਪ੍ਰਵੇਸ਼ ਹੈ। ਕੋਧਰੇ ਦੀ ਰੋਟੀ ਅੱਗੇ ਸ਼ਾਹੀ ਭੋਜ ਟਿਕ ਨਹੀਂ ਪਾਉਂਦਾ। ਕਿਰਤ ਦੀ ਕਦਰ ਦੀ ਇਹ ਸਭ ਤੋਂ ਉੱਚਤਮ ਉਦਾਹਰਨ ਹੈ। ਤਲਵਾਰ ਸ਼ਬਦੀ ਵਾਰ ਅੱਗੇ ਝੁਕ ਜਾਂਦੀ ਹੈ। ਪਾਣੀਪਤ ਦਾ ਵਿਜੇਤਾ ਬੇਵੱਸ ਦਿਖਾਈ ਦਿੰਦਾ ਹੈ। ਸਾਹਸ ਬਿਨ ਜ਼ੁਲਮ ਦੇ ਕੰਢੇ ਭੋਰੇ ਨਹੀਂ ਜਾ ਸਕਦੇ। ਯੋਧਿਆਂ ਦੀਆਂ ਵਾਰਾਂ ਫ਼ਿਜ਼ਾ ਅੰਦਰ ਗੂੰਜਦੀਆਂ ਹਨ। ਭਾਈ ਜੈਤਾ ਜੀਵਨ ਸਿੰਘ ਬਣਦਾ ਹੈ। ਸ਼ਹੀਦ ਹੁੰਦੀਆਂ ਜੋੜੀਆਂ ਨੂੰ ਦਾਦੀ ਬੁਰਜ ਤੋਂ ਤੱਕਦੀ ਹੈ। ਸ਼ਹੀਦਾਂ ਦੀਆਂ ਘੋੜੀਆਂ ਇਕ ਵੱਖਰਾ ਅਧਿਆਇ ਸਿਰਜਦੀਆਂ ਹਨ। ਜ਼ੁਲਮ ਖ਼ਿਲਾਫ਼ ਡਟਣ ਵਾਲਿਆਂ ਨੇ ਸੀਸ ਦੇ ਕੇ ਸੀ ਨਹੀਂ ਕੀਤੀ।

*ਜਉ ਤਉ ਪ੍ਰੇਮ ਖੇਲਣ ਕਾ ਚਾਉ।*
*ਸਿਰੁ ਧਰਿ ਤਲੀ ਗਲੀ ਮੇਰੀ ਆਉ।*
*ਇਤੁ ਮਾਰਗਿ ਪੈਰੁ ਧਰੀਜੈ।*
*ਸਿਰੁ ਦੀਜੈ ਕਾਣਿ ਨ ਕੀਜੈ।*

ਇਹ ਇਕ ਆਮ ਰਸਤਾ ਨਹੀਂ ਇਸ ਵਿਚ ਨਿਸ਼ਚੇ ਰੱਖ ਕੇ ਹੀ ਜਿੱਤ ਪ੍ਰਾਪਤ ਹੋ ਸਕਦੀ ਹੈ। ਸਦੀਆਂ ਤੋਂ ਸਥਾਪਿਤ ਸਮਾਜਿਕ ਰੂੜ੍ਹੀਆਂ ਨੂੰ ਇਸ ਬਿਨਾਂ ਤਿਲਾਂਜਲੀ ਨਹੀਂ ਦਿੱਤੀ ਜਾ ਸਕਦੀ ਸੀ। ਜਦ ਸੀਸ ਦੇ ਕਿ ਸਿੰਘ ਸਜਦਾ ਹੈ ਤਾਂ ਚਿੜੀਆਂ ਆਪਣੀ ਹੋਣੀ ਆਪ ਤਹਿ ਕਰਦੀਆਂ ਹਨ। ਇਹ ਵਰਤਾਰਾ ਨਫ਼ਰਤੀ ਹਿੰਸਾ ਤੇ ਭੂਗੋਲਿਕ ਹੱਦਾਂ ਤੋਂ ਅਪਹੁੰਚ ਹੈ। ਗੋਦਾਵਰੀ ਸਰਹਿੰਦ ਨੂੰ ਚੜ੍ਹ ਕੇ ਆਉਂਦੀ ਹੈ। ਇਹ ਬਦਲਾਖੋਰੀ ਨਹੀਂ ਸੀ ਜੇਕਰ ਇਸ ਤਰ੍ਹਾਂ ਹੁੰਦਾ ਤਾਂ 5000 ਮੁਸਲਿਮ ਬੰਦਾ ਸਿੰਘ ਬਹਾਦਰ ਦੀ ਸੈਨਾ ਦਾ ਹਿੱਸਾ ਨਾ ਹੁੰਦੇ। ਮੁਖ਼ਲਿਸਪੁਰ ਲੋਹਗੜ੍ਹ ਬਣਦਾ ਹੈ। ਨਾਨਕਸ਼ਾਹੀ ਸਿੱਕਾ ਬੰਦਾ ਸਿੰਘ ਬਹਾਦਰ ਦੀ ਸਮਰਪਣ ਭਾਵਨਾ ਤੇ ਗੁਰੂ ਸਾਹਿਬ ਦੇ ਮਿਸ਼ਨ 'ਤੇ ਚੱਲਣ ਦੀ ਤਾਕੀਦ ਕਰਦਾ ਹੈ। ਗੁਰੂ ਦੇ ਨਾਂ 'ਤੇ ਜਾਰੀ ਕੀਤੀ ਗਈ ਮੋਹਰ ਜਦ ਫ਼ੈਸਲਿਆਂ 'ਤੇ ਲੱਗਦੀ ਹੈ ਤਾਂ ਹਲ਼ ਵਾਹਿਕ ਖੇਤਾਂ ਦਾ ਮਾਲਕ ਬਣਦਾ ਹੈ। ਇਸ ਆਰਥਿਕ ਬਦਲਾਓ ਦਾ ਜ਼ਿਆਦਾ ਉਲੇਖ ਹੀ ਨਹੀਂ ਕੀਤਾ ਗਿਆ। ਕਰਤਾਰਪੁਰ ਗੁਰੂ ਦਾ ਖੇਤ ਸੀ ਤੇ ਗੁਰੂ ਦੇ ਕਿਰਤੀ ਪੰਜਾਬ 'ਚ ਖੇਤਾਂ ਦੇ ਮਾਲਕ ਬਣ ਗਏ। ਲਾਲੋ ਭਲਾ ਭਾਗੋ ਨੂੰ ਹਾਲ਼ਾ ਕਿਉਂ ਦੇਵੇ? ਇਹ ਸਮਾਂ (1708-1716) ਭਾਵੇਂ ਸਥਿਰਤਾ ਵਾਲਾ ਨਹੀਂ ਸੀ ਪਰ ਇਹ ਸੁਤੰਤਰ ਸਿੱਖ ਰਾਜ ਦੀ ਰੂਪ-ਰੇਖਾ ਉਲੀਕਦਾ ਹੈ। ਬੋਤਾ ਸਿੰਘ, ਗਰਜਾ ਸਿੰਘ ਟੈਕਸ ਲਾ ਕੇ ਲਾਹੌਰ ਨੂੰ ਵੰਗਾਰਦੇ ਹਨ: "ਚਿੱਠੀ ਲਿਖੇ ਸਿੰਘ ਬੋਤਾ, ਹੱਥ ਹੈ ਸੋਟਾ, ਵਿਚ ਰਾਹ ਖੜੋਤਾ। ਆਨਾ ਲਾਇਆ ਗੱਡੇ ਨੂੰ, ਪੈਸਾ ਲਾਇਆ ਖੋਤਾ, ਆਖੇ


www.sanvad.org
ISSN : 2395-1273

ਭਾਬੀ ਖਾਨੋ ਨੂੰ, ਯੋ ਆਖੇ ਸਿੰਘ ਬੋਤਾ"। ਅਠਾਰਾਂ ਸੇਰ ਦੇ ਖੰਡੇ ਨੂੰ ਜਦ ਬੌਧਿਕ ਹੱਥਾਂ ਦੀ ਛੋਹ ਮਿਲਦੀ ਹੈ ਤਾਂ ਸੀਸ ਤਲੀ 'ਤੇ ਆ ਟਿਕਦਾ ਹੈ। ਸਾਹਸ ਦੀ ਇਹ ਗੁੜ੍ਹਤੀ ਪੰਜਾਬੀਆਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਸਰ ਕਰਨ ਲਈ ਇਕ ਵਰਦਾਨ ਹੈ। ਜਦ ਵੀ ਕਿਸੇ ਨੇ ਬੁਜ਼ਦਿਲ ਹੋਣ ਦਾ ਯਤਨ ਕੀਤਾ ਤਾਂ ਚੂੜੀਆਂ ਦਾ ਹੋਕਾ ਸੁਣਾਈ ਦਿੱਤਾ। ਹਰੀ ਸਿੰਘ ਨਲੂਏ ਦੀ ਸੂਰਮਗਤੀ ਨੂੰ ਜਮਰੌਦ ਬਿਆਨਦਾ ਹੈ ਤੇ ਬਾਨੋ ਉਸ ਦੇ ਚਰਿੱਤਰ ਦੀ ਸਾਖਸ਼ਾਤ ਗਵਾਹੀ ਭਰਦੀ ਹੈ। ਇਕ ਪਾਸੇ ਤਾਕਤ ਇੱਜ਼ਤਾਂ ਦੀਆਂ ਮੀਢੀਆਂ ਖਿਲਾਰਦੀ ਹੈ: 'ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ। ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ', ਦੂਜੇ ਪਾਸੇ ਲੋਕਾਈ ਰਾਖਿਆਂ ਦਾ ਸਮਾਜਕ ਰੁਤਬਾ ਤਹਿ ਕਰਦੀ ਹੈ: 'ਆ ਗਏ ਨੀ ਨਿਹੰਗ ਬੂਹਾ ਖੋਲ੍ਹ ਦਿਓ ਨਿਸੰਗ'। ਮਨੁੱਖਤਾ ਦਾ ਇਹ ਮਿਸ਼ਨ ਭਾਈ ਕਨ੍ਹਈਆ ਜੀ ਦੇ ਜੰਗ ਦੇ ਮੈਦਾਨ ਅੰਦਰ 'ਨਾ ਕੋ ਬੈਰੀ ਨਹੀ ਬਿਗਾਨਾ' ਰਾਹੀਂ ਸਿਖਰ 'ਤੇ ਦਿਖਾਈ ਦਿੰਦਾ ਹੈ। ਐਂਗਲੋ ਸਿੱਖ ਯੁੱਧਾਂ ਵਿਚ ਸਿੰਘਾਂ ਦੀ ਬਹਾਦਰੀ ਦਾ ਜੱਸ ਗਾਇਣ ਅੰਗਰੇਜ਼ੀ ਲਿਖਤਾਂ 'ਚੋਂ ਸਾਫ਼ ਦਿਖਾਈ ਦਿੰਦਾ ਹੈ। ਵਾਟਰਲੂ ਦੀ ਜਿੱਤ 'ਤੇ ਹਿੱਕਾਂ ਥਾਪੜਨ ਵਾਲੇ ਮੁਦਕੀ ਦੀ ਲੜਾਈ ਵਿਚ ਨਪੋਲੀਅਨ ਤੋਂ ਹਥਿਆਈ ਤਲਵਾਰ ਸੁੱਟ ਕੇ ਬੈਠ ਗਏ: 'ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ, ਰੁਲਦੀ ਗੋਰਿਆਂ ਦੀ ਓਥੇ ਝੰਡ ਮੀਆਂ'। ਯੋਗ ਨੂੰ ਬਿਨਾਂ ਧਾਰਮਿਕ ਭਿੰਨ-ਭੇਦ ਉੱਚ ਅਹੁਦੇ 'ਤੇ ਨਿਯੁਕਤ ਕਰਨਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਖਾਸ ਵਿਸ਼ੇਸ਼ਤਾ ਸੀ। ਇਹ ਕਦਮ ਪਰੰਪਰਾ 'ਚੋਂ ਹੀ ਵਿਕਸਤ ਹੋਏ ਸਨ। ਇਸ ਕਰਕੇ ਤਾਂ ਸਿੱਖ ਰਾਜ ਦੇ ਗਵਾਚਣ ਦਾ ਦਰਦ ਸ਼ਾਹ ਮੁਹੰਮਦ ਦੀ ਕਲਮ ਬਿਆਨਦੀ ਹੈ। ਕਾਲੀ ਵੇਈਂ ਦੇ ਕੰਢੇ ਦਿੱਤਾ ਪਹਿਲਾ ਉਪਦੇਸ਼ ਸਾਂਝੀਵਾਲਤਾ ਦੀ ਅਧਾਰਸ਼ਿਲਾ ਬਣਿਆ। ਹਰਿਮੰਦਰ ਸਾਹਿਬ ਦੀ ਨੀਂਹ ਇਸ ਨੂੰ ਹੋਰ ਪਕੇਰਾ ਕਰਦੀ ਹੈ। ਪੀਰ ਬੁੱਧੂ ਸ਼ਾਹ ਜੰਗ ਦੇ ਮੈਦਾਨ ਵਿਚ ਇਸ ਨੂੰ ਸਿਰੇ ਚਾੜ੍ਹਦਾ ਹੈ। ਬੇਸ਼ੱਕ ਅੰਗਰੇਜ਼ੀ ਸਿਆਸੀ ਡੰਗ ਨੇ ਸੰਪਰਦਾਇਕ ਵਿਸ਼ ਘੋਲੀ। ਮਰਦਮਸ਼ੁਮਾਰੀ ਫ਼ਿਰਕੂ ਮਾਹੌਲ ਸਿਰਜਣ ਲਈ ਸ਼ੁਰੂ ਕੀਤੀ ਗਈ ਅੰਕੜਿਆਂ ਦੀ ਇਕ ਨਵੀਂ ਚਾਲ ਸੀ। ਸਮਾਜਿਕ ਧਾਰਮਿਕ ਲਹਿਰਾਂ ਸੁਧਾਰ ਕਰਨ ਦੇ ਉਦੇਸ਼ ਤਹਿਤ ਆਪਸੀ ਵਿੱਥਾਂ ਨੂੰ ਵਧਾਉਂਦੀਆਂ ਦਿਖਾਈ ਦਿੰਦੀਆਂ ਹਨ। ਮੱਕੜੀ ਵਾਂਗ ਅਸੀਂ ਖ਼ੁਦ ਦੇ ਬੁਣੇ ਜਾਲ ਅੰਦਰ ਫਸ ਕੇ ਰਹਿ ਗਏ। ਅਸੀਂ ਭੁੱਲ ਜਾਂਦੇ ਹਾਂ ਕਿ ਅਸੂਲਾਂ ਤੋਂ ਡੋਲਿਆਂ ਮਨੁੱਖ ਜ਼ਿੰਦਗੀ ਦੀ ਰੱਸੀ 'ਤੇ ਸਫਲਤਾਪੂਰਵਕ ਨਹੀਂ ਤੁਰ ਸਕਦਾ।

ਮਨੁੱਖ ਵੀ ਮੱਛੀ ਵਾਂਗ ਪੱਥਰ ਚੱਟ ਕੇ ਹੀ ਮੁੜਦਾ ਹੈ। ਮੱਛੀ ਜਦੋਂ ਬੇਜਾਨ ਹੁੰਦੀ ਹੈ ਤਾਂ ਪਾਣੀ ਦੇ ਵਹਾਓ ਦੇ ਅਨੁਕੂਲ ਰੁੜ੍ਹਦੀ ਹੈ। ਇਹੀ ਹਾਲ ਮਨੁੱਖ ਦਾ ਹੈ ਜਦੋਂ ਸਿਧਾਂਤਾਂ ਤੇ ਵਿਰਾਸਤ ਤੋਂ ਮੂੰਹ ਮੋੜਦਾ ਹੈ ਤਾਂ ਸਮੇਂ ਦੇ ਵਹਾ ਸੰਗ ਰੁੜ੍ਹ ਤੁਰਦਾ ਹੈ। ਬੁਰਾਈ ਰੂਪੀ ਜੋਕ ਰੱਤ ਪੀਣ ਲੱਗਦੀ ਹੈ। ਸ਼ਬਦ ਤੇ ਸਿਧਾਂਤਾਂ ਤੋਂ ਥਿੜਕਿਆਂ ਆਦਮੀ ਬੁਰਾਈਆਂ ਦੀ ਲਾਗ ਦਾ ਸ਼ਿਕਾਰ ਹੋ ਜਾਂਦਾ ਹੈ। ਹਾਂ ਗੁਰੂ ਦੇ ਸਿੱਖ ਨੂੰ ਤਾਂ ਭੁੱਲ ਬਖਸ਼ਾਉਣ ਦੀ ਖੁੱਲ੍ਹ ਹੈ। ਜੰਗ 'ਚੋਂ ਬੇਦਾਵਾ ਦੇ ਗਏ ਮੁੜ ਲੜਾਈ ਦਾ ਪਿੜ ਮੱਲ, ਮੁਕਤੇ ਬਣ ਜਾਂਦੇ ਹਨ। ਗੁਰੂ ਸਾਹਿਬਾਨ ਦਾ ਜੀਵਨ ਦਰਸ਼ਨ ਤੇ ਇਤਿਹਾਸ ਇਕ ਅਜਿਹਾ ਸੋਮਾ ਹੈ ਜਿਸ ਵੱਲ ਪਰਤਦੇ ਸਾਰ ਹੀ ਮਨਮਤੀਆਂ ਤੇ ਅਲਾਮਤਾਂ ਦੂਰ ਹੁੰਦੀਆਂ ਹਨ। ਇਹ ਊਰਜਾ ਚੰਗਿਆਈ ਦਾ ਦੀਵਾ ਬੁਝਣ ਨਹੀਂ ਦਿੰਦੀ। ਮੱਸਾ ਰੰਘੜ ਰੂਪੀ ਜ਼ਾਲਮ ਸਰੋਵਰ ਨੂੰ ਪੂਰ ਕੇ ਦੂਣ ਸਵਾਏ ਹੋਣ ਲਈ ਮਿਲ ਰਹੀ ਤਾਕਤ ਨੂੰ ਬੰਨ੍ਹ ਲਾਉਣਾ ਚਾਹੁੰਦਾ ਸੀ। ਉਹ ਇਸ ਗੱਲੋਂ ਅਭੁੱਲ ਸੀ ਕਿ ਸਿਰ ਦੇਣ ਵਾਲਿਆਂ ਨੂੰ ਨੇਜ਼ੇ 'ਤੇ ਸਿਰ ਟਿਕਾਉਣਾ ਵੀ ਆਉਂਦਾ ਹੈ। ਬਿਧੀ ਚੰਦ ਸਿਰਫ਼ ਘਾਹ ਪਾਉਣਾ ਹੀ ਨਹੀਂ ਜਾਣਦਾ ਉਸ ਨੂੰ ਕਿਲ੍ਹੇ 'ਚ ਸੰਨ੍ਹ ਲਾਉਣ ਦਾ ਵੱਲ ਵੀ ਸੀ। ਦਰਪੇਸ਼ ਮੁਸ਼ਕਲਾਂ ਨੂੰ ਸਰ ਕਰਨ ਲਈ ਪੰਜਾਬ ਜਦ ਵੀ ਅਤੀਤ ਵੱਲ ਮੁੜਿਆ, ਯਕੀਨਨ ਜਿੱਤ ਹਾਸਲ ਹੋਈ। ਸ਼ਬਦ ਤੇ ਸੁਰ ਦਾ ਸੰਗ ਦੋ ਸਭਿਆਤਾਵਾਂ ਦਾ ਸੁਮੇਲ ਸੀ। ਜਦੋਂ ਵੀ ਵਕਤ ਦਾ ਬਾਬਰ ਜ਼ੁਲਮ ਢਾਹੁੰਦਾ ਹੈ ਤਾਂ ਸ਼ਬਦ ਸੰਗ ਰਬਾਬ ਸੁਣਾਈ ਦਿੰਦੀ ਹੈ। ਜਲ੍ਹਿਆਂਵਾਲੇ ਬਾਗ਼ ਦੇ ਹੱਤਿਆ ਕਾਂਡ ਸਮੇਂ ਮੁੜ ਏਕਤਾ ਦੇ ਸ਼ਬਦ ਗੂੰਜਦੇ ਹਨ। ਪੰਜਾਬ ਇਤਿਹਾਸ ਦੇ ਤਲਾਬ 'ਚ ਟੁੱਭੀ ਮਾਰਦਾ ਨਜ਼ਰ ਆਉਂਦਾ ਹੈ। ਕਾਲੇ ਚਿੱਟੇ ਹੋ ਕੇ ਨਿਕਲਦੇ ਹਨ। 'ਵੇਖ ਮਰਦਾਨਿਆਂ ਤੂੰ ਰੰਗ ਕਰਤਾਰ ਦੇ' ਕਵਿਤਾ ਰਾਹੀਂ ਹੀਰਾ ਸਿੰਘ ਦਰਦ ਜਲ੍ਹਿਆਂਵਾਲੇ ਬਾਗ ਦੇ ਕਤਲੇਆਮ ਅਤੇ ਗੁਰਦੁਆਰਿਆਂ ਤੇ ਕਾਬਜ਼ ਅੰਗਰੇਜ਼ੀ ਹੱਥਠੋਕਿਆਂ ਦੇ ਦੁਰਾਚਾਰ ਦਾ ਉਲੇਖ ਕਰਦਾ ਹੈ। ਗੁਰਦੁਆਰਾ ਸੁਧਾਰ ਲਹਿਰ ਦੀ ਸ਼ੁਰੂਆਤ ਹੁੰਦੀ ਹੈ। ਸਿੱਖਾਂ ਨੇ ਸ਼ਹਾਦਤਾਂ ਦੇ ਕੇ ਨਨਕਾਣਾ ਸਾਹਿਬ 'ਤੇ ਕਾਬਜ਼ ਨਰੈਣੂ ਮਹੰਤ ਤੋਂ ਗੁਰਦੁਆਰੇ ਨੂੰ ਸੁਤੰਤਰ ਕਰਵਾਇਆ। ਗੁਰੂ ਦੇ ਜੀਵਨ ਦਰਸ਼ਨ ਨੂੰ ਅਪਣਾਉਣ ਵਾਲੇ ਦੁਨਿਆਵੀ ਭਵਸਾਗਰ ਦੀਆਂ ਜ਼ੁਲਮੀ ਲਹਿਰਾਂ ਸੰਗ ਡੋਲਦੇ ਨਹੀਂ। ਸੱਤਾ ਦੀ ਛਾਇਆ 'ਚ ਵੱਧ ਰਹੇ ਜ਼ੁਲਮ ਨੂੰ ਗੁਰੂ ਵਾਲਿਆਂ ਨੇ ਗੁਰੂ ਦੇ ਪੂਰਨਿਆਂ 'ਤੇ ਚੱਲ ਕੇ ਮਿਟਾ ਦਿੱਤਾ।

*ਵੇਖ ਤਲਵੰਡੀ ਵਿਚ ਭੰਡੀਆਂ ਨੀ ਮਚ ਰਹੀਆਂ,*
*ਰੰਡੀਆਂ ਦੇ ਨਾਚ ਹੁੰਦੇ ਵਿਚ ਦਰਬਾਰ ਦੇ।*

*ਉਠ ਗਈਆਂ ਸਫ਼ਾਂ ਮਰਦਾਨਿਆਂ ਅਸਾਡੀਆਂ ਓ,*
*ਕੌਣ ਆ ਕੇ ਕਹੇ ਅਜ ਹਾਲ ਦਿਲਦਾਰ ਦੇ।*
*ਜਿਥੇ ਸਚੇ ਸੌਦਿਆਂ ਦੇ ਕੀਤੇ ਸਤਸੰਗ ਅਸਾਂ,*
*ਜਿਥੇ ਦਿਨ ਕਟੇ ਅਸਾਂ ਨਾਲ ਰਾਇ ਬੁਲਾਰ ਦੇ।*
*ਓਥੇ ਅਜ ਲਗੀਆਂ ਦੁਕਾਨਾਂ ਦੁਰਚਾਰ ਦੀਆਂ,*
*ਵੇਖ ਮਰਦਾਨਿਆਂ ਏ ਰੰਗ ਕਰਤਾਰ ਦੇ।* (ਹੀਰਾ ਸਿੰਘ ਦਰਦ)

ਜਿਵੇਂ ਬੱਗੋਂ ਵਾਲੀ ਲੱਕੜ ਨੂੰ ਸਿਉਂਕ ਲੱਗਦੀ ਹੈ ਉਸੇ ਤਰ੍ਹਾਂ ਸਿਧਾਂਤਕ ਤੌਰ ’ਤੇ ਕਮਜ਼ੋਰ ਹੋਈ ਲੋਕਾਈ ਸਾਮਰਾਜਵਾਦੀ ਜਾਲ਼ ਵਿਚ ਫਸਦੀ ਗਈ। ਅਮੀਰ ਵਿਰਾਸਤ ਦਾ ਲੜ ਛੱਡ ਕੇ ਅਸੀਂ ਬੇਗਾਨੀ ਹਕੂਮਤ ਦੀ ਚਾਕਰੀ ਕਰਨ ਲੱਗੇ। ਬਾਬਰ ਨੇ ਜ਼ਬਰ-ਜ਼ੁਲਮ ਨਾਲ ਭਾਸ਼ਾ ਨੂੰ ਡੰਗਿਆ ਸੀ ਜਦ ਕਿ ਅੰਗਰੇਜ਼ੀ ਹਕੂਮਤ ਕਾਨੂੰਨ ਦੇ ਸਹਾਰੇ ਨਾਲ ਉਹੀ ਕਾਰਜ ਕਰਨ ਲੱਗੀ। ਸੀਟਾਂ ਦੇ ਰਾਖਵੇਂਕਰਨ ਨਾਲ ਸਾਂਝ ਵਾਲਾ ਭਾਂਡਾ ਤ੍ਰੇੜਿਆ ਗਿਆ। 1932 ਦੇ ਕਮਿਊਨਲ ਅਵਾਰਡ ਨਾਲ ਮਜ਼ਹਬੀ ਵੰਡ ਨੂੰ ਜਾਤੀ ਪਾਨ ਦੇ ਦਿੱਤੀ ਗਈ। ਹਕੂਮਤ ਨਾਲ ਲੜਦਿਆਂ ਲੜਦਿਆਂ ਅਸੀਂ ਆਪਣਾ ਝਾਟਾ ਆਪੇ ਖੋਹ ਛੱਡਿਆ। 1940 ਦੇ ਦਹਾਕੇ ਵਿਚ ਆਪਸੀ ਮੋਹ-ਮੁਹੱਬਤ ਨੂੰ ਫ਼ਿਰਕੂ ਸਿਆਸੀ ਜੰਗਾਲ ਖਾ ਗਈ। ਵੰਡ ਦਾ ਧੂੰਆਂ ਚਾਵਾਂ ਦੇ ਬਨੇਰੇ ਕਾਲੇ ਕਰ ਗਿਆ। ਸਿਰਾਂ ਦੀਆਂ ਚੁੰਨੀਆਂ ਦੇ ਰੰਗ ਵੱਟ ਗਏ। ਔਰਤਾਂ ਦੀ ਬੇਪਤੀ ਤੇ ਮਨੁੱਖੀ ਕਤਲੋਗਾਰਦ ਨੇ ਸਭ ਨੂੰ ਸ਼ਰਮਸਾਰ ਕੀਤਾ। ਅਣਮਨੁੱਖੀ ਅਧਿਆਇ ਦੇ ਸਿਰਜਕਾਂ ਨੇ ਵੰਡ ਦੇ ਦਿਨੀਂ ਅੰਨ੍ਹੇ ਬੋਲੇ ਹੋ ਕੇ ਜ਼ੁਲਮ ਢਾਹਿਆ। ਅਣਗਿਣਤ ਬਾਬਰ ਪਾਨੀਪਤ ਦੀ ਲੜਾਈ ਵਿਚ ਜੋਰ ਅਜਮਾਈ ਕਰ ਰਹੇ ਸਨ। ਪੰਜਾਬ ਸਾਂਝੀਵਾਲਤਾ ਵਾਲੀ ਵਿਰਾਸਤ ਦੀ ਲੀਹੋਂ ਲੱਥਿਆ। ਦਰਿਆਵਾਂ ਤੇ ਨਹਿਰਾਂ ਵਿਚ ਤੈਰਦੀਆਂ ਲਾਸ਼ਾਂ ਸਾਡੀ ਮੁਰਦਾ ਸੋਚ ਨੂੰ ਦਫ਼ਨ ਹੋਣੋਂ ਬਚਾ ਨਾ ਸਕੀਆਂ। ਗੁਰੂ ਦੇ ਜੀਵਨ ਦਰਸ਼ਨ ਤੋਂ ਥਿੜਕ ਕੇ ਪੰਜਾਬੀਆਂ ਨੇ ਜ਼ੁਲਮ ਦੀ ਭੱਠੀ ਵਿਚ ਕੁੱਦ ਕੇ ਆਪਣਾ ਮੂੰਹ ਆਪ ਹੀ ਕਾਲਾ ਕੀਤਾ। ਇਤਿਹਾਸ ਦੇ ਪੰਨਿਆਂ ਤੋਂ ਇਹ ਕਾਲ਼ਖ ਕਦੇ ਪੂੰਝੀ ਵੀ ਨਹੀਂ ਜਾਣੀ।

ਅੰਮ੍ਰਿਤਾ ਪ੍ਰੀਤਮ ਵਾਰਿਸ ਸ਼ਾਹ ਦੀ ਕਲਮ ਤੋਂ ਲੱਖਾਂ ਧੀਆਂ ਦੇ ਦਰਦ ਏ ਇਨਸਾਫ਼ ਲਈ ਵਾਸਤਾ ਪਾਉਂਦੀ ਹੈ। ਇਸ ਤਰ੍ਹਾਂ ਇਹ ਸੰਯੁਕਤ ਸੱਭਿਆਚਾਰ ਪਤਝੜ ਰੁੱਤੇ ਵੀ ਵੈਰਾਨ ਨਹੀਂ ਹੁੰਦਾ। ਮਰਦਾਨੇ ਦਾ ਵੰਸ਼ ਬਾਡਰੋਂ ਪਾਰ ਚਲਾ ਗਿਆ ਤੇ ਪਾਰ ਰਹਿ ਗਏ ਗੁਰੂ ਦੇ ਸਥਾਨਾਂ ਦੇ ਦਰਸ਼ਨ ਦੀਦਾਰ ਲਈ ਸਾਡੀਆਂ ਅੱਖੀਆਂ ਤਰਸਣ ਲੱਗੀਆਂ। ਇਸ ਦਰਦ ਨੂੰ ਅਣਗਿਣਤ ਪੰਜਾਬੀ ਗੀਤਾਂ ਵਿਚ ਬਿਆਨਿਆ ਗਿਆ: ‘ਮੇਰੇ ਨੈਣ ਤਰਸਦੇ ਰਹਿੰਦੇ ਨੇ ਨਨਕਾਣਾ ਦੇਖਣ ਨੂੰ’। ਰਾਵੀ ਤੋਂ ਕਰਤਾਰਪੁਰ ਨੂੰ ਤੱਕਦਿਆਂ-ਤੱਕਦਿਆਂ ਅੱਖੀਆਂ ਪੱਕ ਗਈਆਂ। ਪਰ ‘ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ’ ਤੇ ਆਖ਼ਿਰ ਕਰਤਾਰਪੁਰ ਦਰਸ਼ਨਾਂ ਲਈ ਖੁੱਲ੍ਹਦਾ ਹੈ। ਮਹਿੰਦਰ ਕੌਰ ਆਪਣੇ ਭਰਾ ਸ਼ੇਖ਼ ਅਬਦੁਲ ਅਜ਼ੀਜ਼ ਨੂੰ 75 ਸਾਲ ਬਾਅਦ ਮਿਲਦੀ ਹੈ। ਸਾਂਝ ਅੱਗੇ ਸਿਆਸੀ ਤੇ ਮਜ਼ਹਬੀ ਵੰਡਾਂ ਇਕ ਵਾਰ ਫਿਰ ਸਿਰ ਸੁੱਟ ਬੈਠੀਆਂ। ਮਰਦਾਨੇ ਦਾ ਪਰਿਵਾਰ ਕੀਰਤਨ ਪ੍ਰਵਾਹ ਨਾਲ ਹਰਿਭਜਨ ਸਿੰਘ ਦਾ ਉਲਾਂਭਾ ਲਾਹੁੰਦਾ ਦਿਖਾਈ ਦਿੰਦਾ ਹੈ।

*ਮੇਰਾ ਨਾਨਕ ਇਕੱਲਾ ਰਹਿ ਗਿਆ*
*ਬਹੁਤ ਦਿਨ ਬੀਤ ਗਏ*
*ਸੰਗਤ ’ਚ ਮਰਦਾਨਾ ਨਹੀਂ ਆਇਆ*
*ਮਰਦਾਨਾ ਗੁਰੂ ਦਾ ਯਾਰ ਸੀ*
*ਉਸ ਦੇ ਸਦਕੇ ਗੁਰੂ ਦੇ ਆਸੇ ਪਾਸੇ*
*ਦੋਸਤੀ ਦੀ ਮਹਿਕ ਸੀ*
*ਜਦੋਂ ਰਬਾਬ ’ਚੋਂ ਸਰਗਮ ਉਦੈ ਹੁੰਦੀ*
*ਗੁਰੂ ਦੇ ਬੋਲ ਸਵੇਰੀ ਪੌਣ ਵਾਂਗੂੰ ਜਾਗਦੇ ਸਨ*
*ਅੱਜ ਵੀ ਸੰਗਤ ਵਿਚ ਗੁਰੂ ਦੇ ਬੋਲ ਨੇ*
*ਪਰ ਸੁਰ ਨਹੀਂ*

ਜਦੋਂ ਵੀ ਸਿਧਾਂਤਕ ਤੌਰ ’ਤੇ ਗੁਰੂ ਦੇ ਨਾਮ ਨਾਲ ਕਾਰਜ ਅਰੰਭਿਆ ਗਿਆ ਹਨੇਰ ਨੂੰ ਚਾਨਣ ਦਾ ਜਾਗ ਲੱਗ ਗਿਆ। ਬਸਤੀਵਾਦੀ ਹਕੂਮਤ ਵਿਰੁੱਧ ਆਰੰਭ ਹੋਈ ਗ਼ਦਰ ਲਹਿਰ ਗੁਰੂ ਜੀ ਦੇ ਓਟ ਆਸਰੇ ਨਾਲ ਗੁਰੂ ਘਰਾਂ ’ਚੋਂ ਸ਼ੁਰੂ ਹੁੰਦੀ ਹੈ। ਸਾਂਝੀਵਾਲਤਾ ਦੇ ਕੇਂਦਰ ਹੀ ਸਾਂਝੇ ਅੰਦੋਲਨ ਲਈ ਅਵਾਮ ਨੂੰ ਮਨੋਬਲ ਪ੍ਰਦਾਨ ਕਰ ਸਕਦੇ ਹਨ।


**www.sanvad.org**
ISSN : 2395-1273

ਆਪਸੀ ਵਿੱਥਾਂ ਨੂੰ ਪੂਰਦੇ ਹੋਏ ਗ਼ਦਰੀ ਜ਼ੁਲਮ ਨੂੰ ਥੰਮ੍ਹਣ ਦਾ ਬੀੜਾ ਚੁੱਕਦੇ ਹਨ। ਬੇਸ਼ੱਕ ਗ਼ਦਰ ਲਹਿਰ ਆਪਣੇ ਉਦੇਸ਼ਾਂ ਵਿਚ ਧਰਮ ਨਿਰਪੱਖਤਾ ਦੀ ਗੱਲ ਕਰਦੀ ਹੈ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਗ਼ਦਰੀ ਵਿਅਕਤੀਗਤ ਤੌਰ 'ਤੇ ਆਪੋ ਆਪਣੇ ਧਰਮ ਨੂੰ ਮੰਨਣ ਲਈ ਪੂਰਨ ਤੌਰ 'ਤੇ ਆਜ਼ਾਦ ਸਨ। ਕਿਰਤੀ ਲਈ ਵਿਦੇਸ਼ੀ ਸਰਜ਼ਮੀਨ ਨੂੰ ਮੱਲਣਾ ਐਨਾ ਸੁਖਾਲਾ ਨਹੀਂ ਸੀ। ਧਰਤੀ, ਪਰਿਵਾਰ ਤੇ ਸੱਭਿਆਚਾਰ ਦੇ ਉਦਰੇਵੇਂ ਵਿਚ ਉਹ ਦਿਲਗੀਰ ਤਾਂ ਹੋਏ ਪਰ ਚੰਗਿਆਂ ਨੂੰ ਉੱਜੜ ਕੇ ਵੱਸਣ ਦਾ ਵਰ ਵੀ ਤਾਂ ਹੈ। ਉਹਨਾਂ ਆਪਣੇ ਧਰਮ ਕਰਮ ਨੂੰ ਵਿਦੇਸ਼ੀ ਧਰਤੀ 'ਤੇ ਫੈਲਾਇਆ। ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਦਾ ਸਬਕ ਉਹਨਾਂ ਵਿਰਾਸਤ 'ਚੋਂ ਸਿੱਖਿਆ ਹੋਇਆ ਸੀ। ਬਾਬਾ ਗੁਰਦਿੱਤ ਸਿੰਘ ਨੇ ਕਿਰਾਏ 'ਤੇ ਲਏ ਜਾਪਾਨੀ ਜਹਾਜ਼ ਦਾ ਨਾਂ 'ਗੁਰੂ ਨਾਨਕ ਜਹਾਜ਼' ਰੱਖਿਆ। ਉਸ ਦਾ ਇਹ ਯਤਨ ਸੱਚੇ ਸੌਦੇ ਦੀ ਘਟਨਾ ਤੋਂ ਪ੍ਰੇਰਿਤ ਸੀ। ਸ਼ੰਘਈ ਵਿਚ ਬਾਬਾ ਗੁਰਦਿੱਤ ਸਿੰਘ ਜੀ ਨੇ ਲੋਕਾਂ ਨੂੰ ਦੱਸਿਆ ਕਿ ਇਸ 'ਜਹਾਜ਼ ਨੂੰ ਓਸ ਗੁਰੂ ਨਾਨਕ ਦੇਵ ਜੀ ਦਾ ਨਾਂ ਦਿੱਤਾ ਹੈ ਜਿਸ ਨੇ ਸੰਸਾਰ ਵਿਚ ਅਵਤਾਰ ਧਾਰ ਕੇ ਸੱਚਾ ਸੌਦਾ ਕੀਤਾ ਸੀ'। ਗ਼ਦਰੀਆਂ ਨੇ ਹਕੂਮਤ ਖ਼ਿਲਾਫ਼ ਬਿਗਲ ਗੁਰੂ ਸਾਹਿਬ ਦੇ ਨਾਂ 'ਤੇ ਵਜਾਇਆ। ਅਫ਼ਸੋਸ! ਗੁਰੂ ਨਾਨਕ ਜਹਾਜ਼ ਕੰਪਨੀ ਬਣਾਉਣ ਦਾ ਇਹ ਸੁਪਨਾ ਬਜਬਜ ਘਾਟ ਦੇ ਦੁਖਾਂਤ ਨੇ ਨਿਗਲ ਲਿਆ। ਵਿਦੇਸ਼ੀ ਠੋਕਰਾਂ ਉਹਨਾਂ ਨੂੰ ਤਰਾਸ਼ਦੀਆਂ ਹਨ ਪਰ ਗ਼ਦਰ ਅੰਦੋਲਨ ਦਾ ਉਹ ਹੀ ਇਕ ਕਾਰਕ ਨਹੀਂ ਸਨ। ਗ਼ਦਰੀ ਬਾਬਿਆਂ ਨੂੰ ਲੜਨ ਦਾ ਇਹ ਜਜ਼ਬਾ ਵਿਰਾਸਤ ਵਿਚੋਂ ਗੁੜ੍ਹਤੀ ਦੇ ਰੂਪ ਵਿਚ ਮਿਲਿਆ ਸੀ। ਰਹਿਮਤ ਅਲੀ ਵਜ਼ੀਦਕੇ, ਪੰਡਤ ਕਾਂਸ਼ੀ ਰਾਮ ਤੇ ਕਰਤਾਰ ਸਿੰਘ ਸਰਾਭਾ ਜਦ ਹਕੂਮਤ ਖ਼ਿਲਾਫ਼ ਲੜਦੇ ਹਨ ਤਾਂ ਲਗਦਾ ਹੈ ਜਿਵੇਂ ਪਰੰਪਰਾ ਦੀਆਂ ਛੱਲਾਂ ਨੇ ਵੰਡ ਦੇ ਕੰਢੇ ਖੋਰ ਦਿੱਤੇ ਹੋਣ। ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਰੇਗਿਸਤਾਨ ਵਿਚ ਇਕ ਝਾੜੀ ਆਪਣੀ ਜੜ੍ਹ 'ਚੋਂ ਤਰਾਉਤੀ ਲੈ ਕੇ ਤਪਸ਼ ਨੂੰ ਮਖੌਲ ਕਰ ਰਹੀ ਹੋਵੇ। ਡੂੰਘੇ ਬੀਜੇ ਬੀਜ ਸਮੇਂ ਦੀਆਂ ਹਨੇਰੀਆਂ ਨਾਲ ਡਿੱਕ ਡੋਲੇ ਨਹੀਂ ਖਾਂਦੇ। ਪਰ ਜਦੋਂ ਮੂਲ ਨਾਲੋਂ ਉਹ ਟੁੱਟਦੇ ਹਨ ਤਾਂ ਸਮੇਂ ਦਾ ਵਰੋਲਾ ਪੀਢੀਆਂ ਗੰਢਾਂ ਵੀ ਖੋਲ੍ਹ ਦਿੰਦਾ ਹੈ। ਅਜਿਹੇ ਵਿਦਵਾਨਾਂ ਨੂੰ ਇਸ ਗੱਲ 'ਤੇ ਗ਼ੌਰ ਕਰਨ ਦੀ ਲੋੜ ਹੈ ਕਿ ਬਾਬਾ ਗੁਰਦਿੱਤ ਸਿੰਘ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੀ ਦਰਦ ਭਰੀ ਕਹਾਣੀ ਦੀ ਆਰੰਭਤਾ ਹੇਠਲੇ ਸ਼ਬਦਾਂ ਨਾਲ ਕਰਦੇ ਹਨ:

*॥ ਦੋਹਿਰਾ॥*

*ਪਹਿਲਾਂ ਸਿਮਰ ਅਕਾਲ ਨੂੰ, ਕਾਰਜ ਆਵਣ ਰਾਸ।।*
*ਨਾਨਕ ਗੁਰੂ ਗੋਬਿੰਦ ਸਿੰਘ, ਕਰਹੈਂ ਬਿਘਨ ਬਿਨਾਸ।।*
*ਗੁਰੂ ਗ੍ਰੰਥ ਔਰ ਪੰਥ ਕੀ, ਧਰਕੇ ਮਨ ਮੇਂ ਆਸ।।*
*ਸੇਵਕ ਜੋ ਗੁਰਦਿੱਤ ਸਿੰਘ, ਰਚਿਹੈ ਯਹ ਇਤਿਹਾਸ।।*

ਯੋਕੋਹਾਮਾ ਪਹੁੰਚਦੇ ਸਾਰ ਹੀ ਜਪਾਨੀਆਂ ਨੇ ਜਹਾਜ਼ ਤੋਂ ਗੁਰੂ ਨਾਨਕ ਦਾ ਝੰਡਾ ਉਤਾਰ ਦਿੱਤਾ। ਵਿਦੇਸ਼ੀ ਹਕੂਮਤ ਨੂੰ ਮਨੁੱਖਤਾ ਦੀ ਬਾਤ ਪਾਉਂਦਾ ਚਿੰਨ੍ਹ ਕਿਵੇਂ ਸਵੀਕਾਰ ਹੋ ਸਕਦਾ ਸੀ? ਇਸ ਨੂੰ ਹੋਰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਗ਼ਦਰ ਅਖ਼ਬਾਰ ਦੀ ਸ਼ੁਰੂਆਤ ਸਮੇਂ ਉਸ ਦੇ ਮੁੱਖ ਪੰਨੇ 'ਤੇ ਗੁਰੂ ਨਾਨਕ ਸਾਹਿਬ ਦਾ ਸ਼ਬਦ ਲਿਖਿਆ ਹੋਇਆ ਸੀ: 'ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰ ਤਲੀ ਗਲੀ ਮੇਰੀ ਆਉ'। ਬਾਅਦ ਵਿਚ ਇਸ ਨੂੰ ਹੋਰ ਵਿਚਾਰਧਾਰਾ ਦੁਆਰਾ ਨਾਗਵਲ ਮਾਰ ਲਿਆ ਗਿਆ। ਇਹ ਸੰਵਾਦ ਦਾ ਬੜਾ ਅਹਿਮ ਮਸਲਾ ਹੈ ਕਿ ਜਿਨ੍ਹਾਂ ਨੇ ਮੁੱਢ ਬੰਨ੍ਹਿਆਂ ਸੀ ਉਨ੍ਹਾਂ ਤੋਂ ਬਾਅਦ ਵਾਲਿਆਂ ਨੇ ਉਸ ਅਕਸ ਨੂੰ ਢਾਹ ਲਾਉਣ ਦੇ ਨਵੇਂ ਪੈਂਤੜੇ ਕਿਉਂ ਘੜ ਲਏ? ਅਸੀਂ ਅਤੀਤ ਤੋਂ ਸੇਧ ਲੈ ਕੇ ਆਪਣੇ ਦਾਇਰੇ ਨੂੰ ਵਿਸ਼ਾਲ ਕਰਨਾ ਹੁੰਦਾ ਹੈ ਪਰ ਇਸ ਦੇ ਉਲਟ ਅਸੀਂ ਕਈ ਵਾਰ ਅਤੀਤ ਦੀਆਂ ਘਟਨਾਵਾਂ ਨੂੰ ਵਰਤਮਾਨ ਦੇ ਤੰਗਦਿਲੀ ਚੌਖਟੇ ਅਨੁਸਾਰ ਘੜ ਲੈਂਦੇ ਹਾਂ। ਇਸ ਤਰ੍ਹਾਂ ਹੀ ਸਰਕਾਰ ਮਹੰਤਾਂ ਨੂੰ ਮੋਹਰੇ ਦੇ ਤੌਰ 'ਤੇ ਇਸਤੇਮਾਲ ਕਰਦੀ ਹੈ। ਬੇਗਾਨੇ ਹੀ ਨਹੀਂ ਸਗੋਂ ਸਾਡੇ ਆਪਣੇ ਮੁਲਕ ਦੇ ਬਸ਼ਿੰਦਿਆਂ ਦੀ ਤੰਗਦਿਲੀ ਵੀ ਉਹੀ ਕੁਝ ਪ੍ਰਦਰਸ਼ਿਤ ਕਰਦੀ ਰਹੀ। ਸਾਨੂੰ ਤਾਸ਼ ਦੇ ਪੱਤਿਆਂ ਵਾਂਗ ਅੰਗਰੇਜ਼ੀ ਹੱਥਾਂ ਨੇ ਸੰਪਰਦਾਇਕ ਬਾਜ਼ੀਆਂ ਖੇਡਣ ਲਈ ਬਾਖ਼ੂਬੀ ਵਰਤਿਆ। ਸਿਧਾਂਤਹੀਣ ਮਨੁੱਖ ਬੇੜੀ ਨੂੰ ਡੋਬਣ ਵਾਲੇ ਮਲਾਹ ਵਰਗਾ ਹੁੰਦਾ ਹੈ। ਕੱਚੇ ਨਾਲ ਕੌਲ ਤਾਂ ਪੁਗਾਏ ਜਾ ਸਕਦੇ ਹਨ ਪਰ ਪਾਰ ਨਹੀਂ ਲੰਘਿਆ ਜਾ ਸਕਦਾ। ਪੰਜਾਬ ਵਿਚ ਚੱਲੀ ਖੱਬੇ ਪੱਖੀ ਕਿਰਤੀ ਕਿਸਾਨ ਲਹਿਰ ਦੇ ਕਿਰਤੀ ਅਖ਼ਬਾਰ 'ਤੇ ਵੀ ਏਕੋ ਓਂਕਾਰ ਸਤਿਗੁਰ ਪ੍ਰਸ਼ਾਦਿ ਦੇ ਨਾਲ 'ਆਪਨੀ ਹਥੀ ਆਪਨਾ ਆਪੇ ਹੀ ਕਾਜ ਸਵਾਰੀਏ' ਦੇ ਸ਼ਬਦ ਲਿਖੇ ਗਏ। ਇਸ ਵਿਚ ਕੋਈ ਸ਼ੱਕ ਨਹੀਂ ਕਿ ਖੱਬੇ ਪੱਖੀ ਲਹਿਰਾਂ ਆਪਣੀ ਵਿਰਾਸਤ ਦੇ ਮਹਾਨ ਨਾਇਕਾਂ ਨੂੰ ਪਾਸੇ ਰੱਖ ਕੇ ਵਿਦੇਸ਼ੀ ਨਾਇਕਾਂ ਨੂੰ ਆਪਣੀ ਸਰਜ਼ਮੀਨ 'ਤੇ ਬੀਜਣ ਦਾ ਯਤਨ ਕਰਦੀਆਂ ਹਨ। ਇਹ ਉਸ ਤਰ੍ਹਾਂ ਹੀ ਲਗਦਾ ਹੈ ਜਿਵੇਂ ਬਾਕੀ ਦੁਨੀਆ ਵਾਂਗ ਅਸੀਂ ਵੀ ਫਰਾਂਸ ਦੀ ਕ੍ਰਾਂਤੀ ਦੇ ਰਾਹੀਂ ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਦੇ ਸਿਧਾਂਤ ਨੂੰ ਪ੍ਰਚਾਰਦੇ ਇਹ ਭੁੱਲ ਗਏ ਕਿ

ਇਸ ਤੋਂ ਚਾਰ ਸਦੀਆਂ ਪਹਿਲਾਂ ਇਹ ਸੰਦੇਸ਼ ਗੁਰੂ ਸਾਹਿਬ ਨੇ ਸਮੁੱਚੀ ਧਰਤ ਦੀ ਲੋਕਾਈ ਨੂੰ ਦੇ ਦਿੱਤਾ ਸੀ। ਸਾਮਰਾਜਵਾਦੀ ਗ਼ੁਲਾਮ ਮਾਨਸਿਕਤਾ 'ਚੋਂ ਪੱਛਮੀ ਵਿਕਸਤ ਸਭਿਅਤਾ ਦੇ ਢਕਵੰਜ ਹੇਠ ਅਜਿਹਾ ਪਨਪਣਾ ਸੁਭਾਵਿਕ ਸੀ। ਪਰ ਪੱਛਮ 'ਚੋਂ ਚੜ੍ਹਿਆ ਸੂਰਜ ਸਾਡੇ ਆਪਣੇ ਰੰਗਾਂ ਨੂੰ ਸੋਖ ਨਹੀਂ ਸਕਿਆ। ਮਜੀਠ ਰੰਗ 'ਚ ਰੱਤੇ ਸੱਤਾ ਦੇ ਲਲਾਰੀਆਂ ਤੋਂ ਮੁੜ ਰੰਗੇ ਨਾ ਜਾ ਸਕੇ। ਪੰਜਾਬ ਸਿਰ ਹਕੂਮਤ ਦੀ ਵਫ਼ਾਦਾਰੀ ਦੇ ਮਨਘੜਤ ਦੋਸ਼ ਮੜ੍ਹੇ ਗਏ। ਪਰ ਪੰਜਾਬ ਨੇ ਸਭ ਤੋਂ ਬਾਅਦ ਗ਼ੁਲਾਮ ਹੋ ਕੇ ਵੀ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ। ਲੋਟੂ ਹਕੂਮਤ ਦੀ ਘੁਰਕੀ ਉਹਨਾਂ ਨੂੰ ਕਿਵੇਂ ਡਰਾ ਸਕਦੀ ਹੈ ਜਿਨ੍ਹਾਂ ਅੰਦਰ ਇਹ ਕਹਿਣ ਦਾ ਸਾਹਸ ਹੋਵੇ: 'ਰਾਜੇ ਸੀਹ ਮੁਕਦਮ ਕੁਤੇ'।

ਦੇਸ਼ ਬੇਸ਼ੱਕ ਆਜ਼ਾਦ ਹੋ ਗਿਆ ਪਰ ਮਨੁੱਖ ਬੁਰਾਈਆਂ ਦੀ ਦਲਦਲ ਵਿਚ ਹੋਰ ਧਸਦਾ ਗਿਆ। ਇਸ ਤਰ੍ਹਾਂ ਲੱਗਦਾ ਜਿਵੇਂ ਬਹੁਤੀ ਥਾਈਂ ਰਾਜਤੰਤਰ ਲੋਕਤੰਤਰ ਦੇ ਪਹਿਰਾਵੇ ਥੱਲੇ ਪਹਿਲਾਂ ਵਾਲੀ ਸਥਿਤੀ ਨੂੰ ਹੀ ਬਰਕਰਾਰ ਰੱਖ ਰਿਹਾ ਹੈ। ਜੰਮਦੀ ਧੀ ਨੂੰ ਮਾਰਨ ਵਾਲੇ ਵਿਗਿਆਨ ਜਰੀਏ ਪੇਟ 'ਚ ਮਾਰ ਮੁਕਾਉਣਾ ਸਿੱਖ ਗਏ ਹਨ। ਅਜਿਹਾ ਕਰਨ ਵਾਲੇ ਆਪਣਾ ਨਾਤਾ ਕਿਵੇਂ ਗੁਰੂ ਸਾਹਿਬ ਨਾਲ ਜੋੜ ਸਕਦੇ ਹਨ? ਜੇਕਰ ਅਸੀਂ ਗੁਰੂ ਜੀ ਦੀਆਂ ਸਿੱਖਿਆਵਾਂ ਦੇ ਧਾਰਨੀ ਹੀ ਨਹੀਂ ਹਾਂ ਤਾਂ 'ਅਸੀਂ ਨਾਨਕ ਦੇ ਕੀ ਲਗਦੇ ਹਾਂ'। ਭੈਣ ਨਾਨਕੀ ਤਾਂ ਸਭ ਤੋਂ ਪਹਿਲਾਂ ਵੀਰ ਨੂੰ ਪਹਿਚਾਣਦੀ ਹੈ। ਕੂੜੇ ਦੇ ਢੇਰਾਂ 'ਚੋਂ ਮਿਲਦੀਆਂ ਬੱਚੀਆਂ ਸਾਡੀ ਸੋਚ ਬਾਰੇ ਕੋਈ ਭੁਲੇਖਾ ਨਹੀਂ ਰਹਿਣ ਦਿੰਦੀਆਂ। ਬੇਸ਼ੱਕ ਦੁੱਧ ਨਾਲ ਪੁੱਤ ਪਾਲ ਕੇ ਵੀ ਮਾਵਾਂ ਪਾਣੀ ਨੂੰ ਤਰਸ ਰਹੀਆਂ ਹਨ ਪਰ ਬਾਵਜੂਦ ਇਸ ਦੇ ਕੁੜੀ ਦੀ ਸੁੱਖ ਲਈ ਅਜੇ ਤਕ ਕੋਈ ਥਾਂ ਨਹੀਂ ਉੱਸਰੀ। ਮਖੌਟਿਆਂ ਥੱਲੇ ਨੂਰਾ ਸ਼ਾਹੀ ਮਨੁੱਖੀ ਚਿਹਰੇ ਅੱਜ ਵੀ ਚਾਲਾਂ ਤੋਂ ਬਾਜ ਨਹੀਂ ਆ ਰਹੇ। ਕਿੱਕਰ ਬੀਜ ਕੇ ਬਲੌਰੀ ਦਾਖਾਂ ਦੀ ਆਸ ਨਹੀਂ ਰੱਖੀ ਜਾ ਸਕਦੀ। ਪੰਜਾਬ ਵਿਚ ਨਿਰੰਤਰ ਵੱਧ ਰਹੇ ਬਿਰਧ ਆਸ਼ਰਮ ਪੁੱਤਾਂ ਵਾਲਿਆਂ ਨੂੰ ਨਿਰਉੱਤਰ ਕਰ ਰਹੇ ਹਨ। ਦੂਜੇ ਪਾਸੇ ਧੀਆਂ ਤਪਦੇ ਹਾੜ ਵਿਚ ਵੀ ਰਿਸ਼ਤਿਆਂ ਨੂੰ ਠਾਰ ਰਹੀਆਂ ਹਨ। ਇੱਕੀਵੀਂ ਸਦੀ ਵਿਚ ਵੀ ਦੇਸ਼ ਅਜੇ ਇਹ ਨਾਅਰਾ ਦੇ ਰਿਹਾ ਹੈ: 'ਬੇਟੀ ਬਚਾਓ, ਬੇਟੀ ਪੜ੍ਹਾਓ ਤੇ ਬੇਟੀ ਖਿਡਾਓ'। ਗੁਰੂ ਦੇ ਫ਼ਲਸਫ਼ੇ ਨਾਲੋਂ ਟੁੱਟ ਕੇ ਸਾਨੂੰ ਹੱਥਾਂ ਨਾਲ ਦਿੱਤੀਆਂ ਗੰਢਾਂ ਮੂੰਹ ਨਾਲ ਖੋਲ੍ਹਣੀਆਂ ਪੈ ਰਹੀਆਂ ਹਨ। ਕੁੱਖ ਤੇ ਰੁੱਖ ਦੋਵੇਂ ਆਪਣੇ ਵਜੂਦ ਦੀ ਲੜਾਈ ਲੜ ਰਹੇ ਹਨ। ਦੂਜੇ ਪਾਸੇ ਪੰਛੀਆਂ ਦੇ ਆਲ੍ਹਣੇ ਲਗਾਉਣ ਤੇ ਧੀਆਂ ਦੀਆਂ ਲੋਹੜੀਆਂ ਮਨਾਉਣ ਦੀਆਂ ਅਖ਼ਬਾਰੀ ਖ਼ਬਰਾਂ ਲਈ ਇਕ ਅਲੱਗ ਦੌੜ ਲੱਗੀ ਹੋਈ ਹੈ। ਨੰਨ੍ਹੀ ਛਾਂ ਜਿਹੀ ਮੁਹਿੰਮ ਖ਼ੈਰੀਅਤ ਨਾ ਹੋਣ ਦਾ ਹੀ ਚਿੰਨ੍ਹ ਹੈ। ਨਹੀਂ ਤਾਂ ਭਲਾ ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲਿਆਂ ਦੇ ਘਰਾਂ ਵਿਚ ਧੀਆਂ ਦੀਆਂ ਕਿਲਕਾਰੀਆਂ ਕਿਉਂ ਨਾ ਗੂੰਜਣ?

*ਨਾਨਕ ਦੀ ਸੋਚ*
*ਸੋ ਕਿਉਂ ਮੰਦਾ ਆਖੀਐ*
*ਜਿਤ ਜਮੈ ਰਾਜਾਨ*
*ਤੂੰ ਹੀ ਜਾਇਆ ਹਰੀ ਸਿੰਘ ਨਲੂਆ*
*ਤੂੰ ਰਣਜੀਤ ਸਿੰਘ ਮਹਾਨ*
*ਨਾਨਕ ਦੀ ਸੋਚ ਨਾਲੋਂ ਹੋ ਗਏ ਤੁਸੀਂ ਬੇਮੁਖ ਸਾਰੇ*
*ਇਕ ਧੀ ਦੀ ਕੁੱਖੋਂ ਜੰਮ ਕੇ ਦੂਜੀ ਨੂੰ ਕਾਹਤੋਂ ਮਾਰੇ* (ਹਰਸਦੀਪ ਕੌਰ)

ਪੰਜਾਬ ਵਿਚ ਨਿੱਤ ਵੱਧ ਰਹੇ ਡੇਰਿਆਂ ਦੀ ਗਿਣਤੀ ਚਿੰਤਾ ਦਾ ਵਿਸ਼ਾ ਹੈ। ਸ਼ਬਦ ਤੋਂ ਪਿਛਾਂਹ ਹੱਟ ਕੇ ਅਸੀਂ ਸ਼ਖ਼ਸੀ ਪੂਜਾ ਕਰਨ ਲੱਗ ਪਏ ਹਾਂ। ਮਾਇਆਧਾਰੀ ਮਾਇਆ ਮੁਕਤ ਹੋਣ ਦੀਆਂ ਹਾਸੋ-ਹੀਣੀਆਂ ਗੱਲਾਂ ਨੂੰ ਪ੍ਰਚਾਰ ਰਹੇ ਹਨ। ਵੱਡੀਆਂ ਗੱਡੀਆਂ 'ਤੇ ਸਵਾਰ ਧਾਰਮਿਕ ਆਗੂਆਂ ਨੂੰ ਵੇਖ ਕੇ ਲਗਦਾ ਹੈ ਕਿ ਉਹਨਾਂ ਗੁਰੂ ਸਾਹਿਬ ਦੀਆਂ ਪੈਦਲ ਯਾਤਰਾਵਾਂ ਦੇ ਮਕਸਦ ਤੋਂ ਅੱਖਾਂ ਮੀਚ ਲਈਆਂ ਹਨ। ਪਾਖੰਡ ਨੇ ਅਜਿਹੀ ਬੁੱਕਲ ਓੜ ਲਈ ਹੈ ਕਿ ਗ਼ਰੀਬ ਲੋਕਾਈ ਇਹਨਾਂ ਨੂੰ ਕਿਸਮਤ ਘਾੜੇ ਸਮਝ ਚੁੰਨੀ ਲੜ ਬੰਨੇ ਪੈਸੇ ਵੀ ਖੋਲ੍ਹ ਲੈਂਦੀ ਹੈ। ਜਿਨ੍ਹਾਂ ਕਦੇ ਹਲ਼ ਦੀ ਜੰਗੀ 'ਤੇ ਹੱਥ ਨਹੀਂ ਟਿਕਾਇਆ ਉਹਨਾਂ ਨੇ ਦਸਾਂ ਨਹੁੰਆਂ ਦੀ ਕਿਰਤ ਕਰਨ ਦਾ ਕੀ ਸੰਦੇਸ਼ ਦੇਣਾ ਹੈ? ਇਹਨਾਂ ਨੇ ਉਦਾਸੀ ਬਾਣੇ ਨੂੰ ਲਾਹੁਣ ਦੀ ਘਟਨਾ ਨੂੰ ਵਿਚਾਰ ਤੇ ਧਾਰ ਕੇ ਕੀ ਲੈਣਾ ਹੈ? ਗੁਰੂ ਸਾਹਿਬ ਤਾਂ ਭਾਈ ਮਰਦਾਨੇ ਨੂੰ ਉਦਾਸੀਆਂ ਸਮੇਂ ਕੋਈ ਵੀ ਚੀਜ਼ ਲੜ ਬੰਨ੍ਹਣ ਤੋਂ ਵਰਜਦੇ ਹਨ ਪਰ ਇਹਨਾਂ ਤਾਂ ਚਾਦਰ ਦੀਆਂ ਚਾਰੇ ਨੁੱਕਰਾਂ ਕੱਸ ਕੇ ਫੜੀਆਂ ਹੋਈਆਂ ਹਨ। ਬੇਸ਼ੱਕ ਜੋਗੀਆਂ ਵਾਂਗ ਬਾਹਰੀ ਦਿੱਖ ਲੋਕਾਈ ਨੂੰ ਭਰਮਾ ਰਹੀ ਹੈ ਪਰ ਅੰਦਰੋਂ ਨਾਮ ਨਾਲ ਵਿੰਨ੍ਹਿਆ ਹੋਇਆ ਕੋਈ ਵਿਰਲਾ ਟਾਂਵਾਂ ਹੀ ਬਚਿਆ ਹੋਵੇਗਾ। ਬਹੁਤਾਤ ਨੇ ਆਪਣੀ ਸਲਤਨਤ ਦੁਆਲੇ ਚਾਰ ਦੀਵਾਰੀ ਮਾਰ ਲਈ ਹੈ। ਬੇਵੱਸ ਲਾਲੋ ਹਰ ਥਾਂ ਲਾਈਨ 'ਚ ਲੱਗਾ ਭਾਗੋ ਨੂੰ ਕੋਲੋਂ ਲੰਘਦੇ ਤੱਕ ਰਿਹਾ ਹੈ।

*ਸਤਿਗੁਰੂ ਨਾਨਕ ਤੇਰੀ ਲੀਲ੍ਹਾ ਹੋ ਗਈ ਏ ਚੂਰਾ*


www.sanvad.org
ISSN : 2395-1273

*ਪੁੱਤ ਨੇ ਪਿਓ ਦੀ ਦਾੜ੍ਹੀ ਫੜ ਲਈ ਧੀ ਨੇ ਮਾਂ ਦਾ ਜੂੜਾ*
*ਸਤਿਗੁਰੂ ਨਾਨਕ ਆ ਜਾ*
*ਪਹਿਰਾ ਨਾ ਕੋਈ ਦੇਵੇ ਨਾਨਕ ਦੀ ਸੋਚ ਤੇ*
*ਦੁਨੀਆ ਦੇ ਅੰਤ ਵੱਲ ਤੁਰੇ ਲੋਕ ਨੇ*
*ਬਣ ਗਏ ਨੇ ਸਾਧ ਝੂਠੇ ਬਾਣੇ ਰੰਗ ਕੇ*
*ਗੋਲਕਾਂ ਨੇ ਖਾਹ ਲਏ ਗੁਰੂ ਘਰ ਵੰਡ ਕੇ* (ਰੰਮੀ ਭਰਾ)

ਵੇਈਂ ਨੂੰ ਗੰਦਲਾ ਕਰਨ ਲੱਗਿਆਂ ਅਸੀਂ ਇਕ ਵਾਰ ਨਹੀਂ ਸੋਚਿਆ ਕਿ ਇੱਥੋਂ ਗੁਰੂ ਸਾਹਿਬ ਨੇ ਜਗਤ ਨੂੰ ਪਹਿਲਾ ਸੰਦੇਸ਼ ਦਿੱਤਾ ਸੀ। ਬੁੱਢੇ ਨਾਲੇ ਵਿਚਲੀ ਗੰਦਗੀ ਦੀ ਸਫ਼ਾਈ ਹਰ ਸਰਕਾਰ ਦੇ ਲਾਰਿਆਂ ਦਾ ਹਿੱਸਾ ਬਣਦੀ ਆ ਰਹੀ ਹੈ। ਅਸੀਂ ਪਾਣੀ ਮੁਕਾ ਹੀ ਨਹੀਂ ਰਹੇ ਸਗੋਂ ਗੰਦਲਾ ਵੀ ਕਰ ਰਹੇ ਹਾਂ। ਖੇਤਾਂ ’ਚੋਂ ਉੱਠਦਾ ਧੂੰਆਂ ਸਿਆਸੀ ਫ਼ਿਜ਼ਾ ਵਿਚ ਗੂੰਜਦਾ ਰਹਿੰਦਾ ਹੈ। ਪਰ ਦੂਜੇ ਪਾਸੇ ਕਾਰਖ਼ਾਨਿਆਂ ਦੀਆਂ ਚਿਮਨੀਆਂ ਵੱਲ ਤੱਕਣ ਦਾ ਸਾਹਸ ਹੀ ਨਹੀਂ। ਅਸੀਂ ਚੰਨ ’ਤੇ ਥੁੱਕਣ ਦਾ ਕੰਮ ਕਰ ਰਹੇ ਹਾਂ। ਹਾੜ੍ਹੀ ਸਾਉਣੀ ਦੀਆਂ ਫ਼ਸਲਾਂ ਦੀਆਂ ਕਿਤਾਬਾਂ ਜ਼ਹਿਰਾਂ ਛਿੜਕਣ ਦੀਆਂ ਸਿਫ਼ਾਰਿਸ਼ਾਂ ਕਰ ਰਹੀਆਂ ਹਨ। ਜ਼ਹਿਰਾਂ ਛਿੜਕ ਕੇ ਫ਼ਸਲਾਂ ਤਾਂ ਕੁਝ ਹੱਦ ਤਕ ਭਾਵੇਂ ਬਚਾ ਲਈਏ ਪਰ ਨਸਲਾਂ ਖ਼ਤਮ ਹੋ ਰਹੀਆਂ ਹਨ। ਮੁਨਾਫ਼ੇ ਦੀ ਅੰਨ੍ਹੀ ਦੌੜ ਵਿਚ ਕੋਈ ਵੀ ਧਿਰ ਫਾਡੀ ਰਹਿਣ ਲਈ ਤਿਆਰ ਨਹੀਂ। ਦਰੱਖਤਾਂ ’ਚ ਕਿੱਲ ਗੱਡ ਕੇ ਚੰਗੇ ਭਵਿੱਖ ਦੀ ਤਲਾਸ਼ ਵਿਚ ਅਸੀਂ ਵਰਤਮਾਨ ਨੂੰ ਵੀ ਤਬਾਹ ਕਰ ਰਹੇ ਹਾਂ: *‘ਬਲਿਹਾਰੀ ਕੁਦਰਤਿ ਵਸਿਆ। ਤੇਰਾ ਅੰਤੁ ਨ ਜਾਈ ਲਖਿਆ’।*

ਵਿਕਾਰਾਂ ਦੀ ਧੁੰਧ ਪਹਿਲਾਂ ਨਾਲੋਂ ਵੀ ਗੂੜ੍ਹੀ ਹੋ ਗਈ ਹੈ। ਚਿੱਟੇ ਲਹੂ ’ਚੋਂ ਮਨੁੱਖਤਾ ਦੇ ਕਣ ਦਿਖਾਈ ਨਹੀਂ ਦਿੰਦੇ। ਆਰਥਿਕ ਮਾਪਦੰਡ ਦੇ ਆਧਾਰ ’ਤੇ ਰਿਸ਼ਤਿਆਂ ਦੀਆਂ ਬੱਝੀਆਂ ਪੋਟਲੀਆਂ ਚੌਰਾਹਿਆਂ ’ਚ ਖੁੱਲ੍ਹ ਰਹੀਆਂ ਹਨ। ਸਾਡਾ ਹਾਲ ਆਲ੍ਹਣਿਆਂ ’ਚੋਂ ਡਿੱਗੇ ਹੋਏ ਬੋਟਾਂ ਵਰਗਾ ਹੈ। ਗੁਰੂ ਦੇ ਜੀਵਨ ਦਰਸ਼ਨ ਨਾਲੋਂ ਟੁੱਟ ਕੇ ਅਸੀਂ ਜ਼ਿੰਦਗੀ ਦੀ ਸਫਲ ਉਡਾਰੀ ਭਰਨਾ ਲੋਚਦੇ ਹਾਂ। ਖੰਭ ਟੁੱਟੇ ਪੰਖੇਰੂਆਂ ਨੇ ਨੀਲੇ ਅਸਮਾਨ ਨੂੰ ਕੀ ਛੂਹਣਾ ਹੈ? ਚਿੱਕੜ ਵਿਚ ਖਿੜੇ ਕਮਲ ਨੂੰ ਅਸਮਾਨ ’ਚੋਂ ਡਿੱਗਦੀ ਕਾਲਖ ਨੇ ਢੱਕ ਲਿਆ ਹੈ। ਅਜੋਕੇ ਮਨੁੱਖ ਦਾ ਹਾਲ ਅੱਗਾ ਦੌੜ ਤੇ ਪਿੱਛਾ ਚੌੜ ਵਾਲਾ ਹੋ ਗਿਆ ਹੈ। ਗੁਰੂ ਸਾਹਿਬ ਕਿੱਤੇ ਦੀ ਚੋਣ ਸਮੇਂ ਪਿਤਾ ਦੇ ਹਰ ਹੁਕਮ ਨੂੰ ਸਿਰ ਮੱਥੇ ਸਵੀਕਾਰਦੇ ਹਨ ਪਰ ਅਜੋਕੀ ਪੀੜ੍ਹੀ ਨੇ ਕਦਰਾਂ-ਕੀਮਤਾਂ ਤੋਂ ਮੁੱਖ ਮੋੜ ਲਿਆ ਹੈ।

*ਰਿਸ਼ਤੇ ਨਾਤੇ ਪਹਿਲਾਂ ਵਾਲੇ ਨਾ*
*ਦੂਰੋਂ ਲਿਸ਼ਕਣ ਅੰਦਰੋਂ ਸੋਹਣੇ ਬਾਹਲੇ ਨਾ*
*ਬਾਪੂ ਦੀ ਰੋਟੀ ਵੰਡ ਲਈ ਅੱਜ ਦਿਆਂ ਛੋਰਾਂ ਨੇ*
*ਸਤਿਗੁਰੂ ਨਾਨਕ ਆਜਾ ਤੇਰੀਆਂ ਲੋੜਾਂ ਨੇ* (ਪਵੀ ਧੰਜਲ)

ਹਨੇਰੇ ਵਿਚ ਜੋਤਿ ਜਗਾਉਣ ਵਾਲਾ ਕੋਈ ਨਹੀਂ ਦਿਸਦਾ। ਸਾਉਣ ਦੇ ਅੰਨ੍ਹੇ ਵਾਂਗ ਸਾਨੂੰ ਅਜੇ ਵੀ ਸਭ ਕੁਝ ਹਰਾ ਹੀ ਦਿਖਾਈ ਦੇ ਰਿਹਾ ਹੈ। ਹਨੇਰਾ ਹੋਰ ਗਹਿਰਾ ਹੋ ਰਿਹਾ ਹੈ। ਮਸਾਲੇ ਕੱਚੇ ਫ਼ਲਾਂ ਦੇ ਬਾਖ਼ੂਬੀ ਰੰਗ ਵਟਾ ਰਹੇ ਹਨ। ਜਦਕਿ ਫ਼ਲਾਂ ਵਾਲੀ ਦੁਕਾਨ ’ਤੇ ‘ਸਹਿਜ ਪਕੇ ਸੋ ਮੀਠਾ ਹੋਏ’ ਲਿਖਿਆ ਹੋਇਆ ਹੈ। ਯਮਲੇ ਜੱਟ ਦੇ ਬੋਲ ਸੱਜਣ ਤੋਂ ਵਧੀਕ ਠੱਗਾਂ, ਸਧਨੇ ਹੱਥ ਫੜੀ ਕਟਾਰੀ ਤੇ ਕੌਡੇ ਤੋਂ ਵੱਧ ਕੇ ਰਾਖਸ਼ਾਂ ਦਾ ਬਿਰਤਾਂਤ ਸਿਰਜਦੇ ਹਨ। ਪਰ ਇਸ ਸਭ ਤੋਂ ਛੁਟਕਾਰਾ ਗੁਰੂ ਦੇ ਫੇਰੇ ਬਿਨਾਂ ਅਸੰਭਵ ਹੈ। ਅਸੀਂ ਸ਼ਬਦ ਨੂੰ ਜੇਕਰ ਅਮਲ ਵਿਚ ਢਾਲਿਆ ਹੁੰਦਾ ਤਾਂ ਇੱਥੋਂ ਤੱਕ ਨੌਬਤ ਹੀ ਨਾ ਆਉਂਦੀ। ਗੁਰੂ ਸਾਹਿਬ ਨੇ ਆਪਣੇ ਜੀਵਨ ਵਿਚ ਜੋ ਉਪਦੇਸ਼ ਦਿੱਤੇ ਉਹਨਾਂ ਨੂੰ ਵਿਹਾਰਕ ਤੌਰ ’ਤੇ ਅਪਣਾਇਆ ਵੀ ਸੀ। ਪਰ ਮੌਜੂਦਾ ਅਗਵਾਈ ਦੀ ਹਾਲਤ ਥੋਥਾ ਚਨਾ ਬਾਜੇ ਘਨਾ ਵਾਲੀ ਹੈ।

*ਸੱਜਣਾਂ ਦੇ ਰੂਪ ਵਿਚ, ਠੱਗੀ ਦੇ ਅੱਡੇ ਨੇ ਬਣੇ,*
*ਧਰਮ ਨੂੰ ਡੋਬਣ ਲਈ, ਬੈਠਾ ਮਲਾਹ ਹੀ ਧਾਰ ਹੈ।*
*ਆਤਮਾ ਬਾਬਰ ਦੀ ਮੁੜ ਕੇ, ਬੰਬ ਐਟਮ ਬਣ ਗਈ,*
*ਅਮਨ, ਸ਼ਾਂਤੀ, ਏਕਤਾ, ਲੋੜੀਂਦੀ ਫਿਰ ਦਿਲਦਾਰ ਹੈ।*
*ਆ ‘ਜਲੰਦੇ ਜਗਤ’ ਨੂੰ ਕੱਢ ਅੱਗ ਤੋਂ ਆ ਕੇ ਬਚਾ,*
*ਈਰਖਾ ਵਿਚ ਹੋ ਗਿਆ, ਜੋ ਅੱਗ ਦਾ ਅੰਗਿਆਰ ਹੈ।*
*ਹੈ ਮਨੁੱਖਤਾ ਅੱਜ ਤਾਂ, ਅੰਤਿਮ ਦਮਾਂ ਤੇ ਜਾਪਦੀ,*
*ਵੈਦ ਮੁੜ ਤੇਰੇ ਜਿਹਾ, ਬਿਮਾਰ ਨੂੰ ਦਰਕਾਰ ਹੈ।* (ਵਿਧਾਤਾ ਸਿੰਘ ਤੀਰ)

ਕੁਝ ਸਾਰਥਕ ਕਦਮ ਆਸ ਦੀ ਕਿਰਨ ਵੀ ਜਗਾ ਰਹੇ ਹਨ। ਗੁਰੂ ਸਾਹਿਬ ਦੇ 550 ਸਾਲਾਂ 'ਤੇ 550 ਜੰਗਲ ਲਗਾਉਣ ਦੀ ਕਵਾਇਦ ਇਸ ਤਰ੍ਹਾਂ ਲੱਗ ਰਹੀ ਹੈ ਜਿਵੇਂ ਕਿ ਅਸੀਂ ਜਗਨਨਾਥ ਪੁਰੀ ਦੀ ਆਰਤੀ ਵਾਲੀ ਘਟਨਾ ਤੋਂ ਕੁਦਰਤੀ ਵਰਤਾਰੇ ਵੱਲ ਅੰਤਰਝਾਤ ਮਾਰਨ ਦੀ ਮੁੜ ਕੋਸ਼ਿਸ਼ ਕੀਤੀ ਹੈ। ਗੀਤਾਂ ਵਿਚ ਮੁੜ ਸਰਹੱਦੀ ਵਲਗਣਾਂ ਤੋਂ ਉਤਾਂਹ 'ਆਰ ਨਾਨਕ ਪਾਰ ਨਾਨਕ' ਦੇ ਅਲਾਪ ਨਾਲ ਸਰਬ-ਵਿਆਪਕਤਾ ਦੀ ਗੱਲ ਹੋਣ ਲੱਗੀ ਹੈ। ਕਿਰਤ ਨੂੰ ਪ੍ਰਚਾਰਨ ਦੇ ਬੋਲ ਬੜੇ ਚਿਰਾਂ ਬਾਅਦ 'ਬਾਬਾ ਮੱਝੀਆਂ ਚਿਰਾਉਂਦਾ ਦਿਸਦਾ ਏ, ਪਾਣੀ ਖੇਤਾਂ ਨੂੰ ਲਾਉਂਦਾ ਦਿਸਦਾ ਏ' ਦੇ ਰੂਪ ਵਿਚ ਸੁਣਾਈ ਦਿੱਤੇ ਹਨ। ਗੁਰੂ ਜੀ ਦੇ ਜੀਵਨ ਦਰਸ਼ਨ ਨਾਲੋਂ ਟੁੱਟ ਕੇ ਕਮਜ਼ੋਰ ਹੋਏ ਸਮਾਜ ਨੂੰ ਫਿਰ ਪਿਛਾਂਹ ਵਲ ਤੱਕਣ ਦੀ ਲੋੜ ਮਹਿਸੂਸ ਹੁੰਦੀ ਹੈ। ਜ਼ਹਿਰਾਂ ਛਿੜਕ-ਛਿੜਕ ਕੇ ਅਸੀਂ ਮੁੜ ਆਰਗੈਨਿਕ ਖੇਤੀ ਵੱਲ ਮੁੜ ਰਹੇ ਹਾਂ। ਪਰ ਬੇਸਮਝੀ, ਬੇਧਿਆਨੀ ਤੇ ਬੇਪਰਵਾਹੀ ਥੱਲੇ ਸਭ ਕੁਝ ਬੇਅਸਰ ਹੀ ਹੋ ਰਿਹਾ ਹੈ। ਘਾਹ 'ਤੇ ਪਈ ਤਰੇਲ ਵਾਂਗ ਅਸੀਂ ਸੂਰਜ ਦੇ ਇਕ ਚਮਕਾਰੇ ਨਾਲ ਹੀ ਸੁੱਕ ਰਹੇ ਹਾਂ। ਭਾਂਜਵਾਦੀ ਪ੍ਰਵਿਰਤੀ ਅਧੀਨ ਪ੍ਰਵਾਸ ਨੇ ਆਪਣੇ ਖੰਭ ਖਿਲਾਰ ਲਏ ਹਨ। ਚੌਂਕ ਵਿਚ ਖੜ੍ਹੀ ਬੇਵੱਸ ਕਿਰਤ ਪਤਾ ਨਹੀਂ ਕਿਸ ਜਿਗਰੇ ਨਾਲ ਖ਼ਾਲੀ ਹੱਥ ਘਰ ਦੀ ਦਹਿਲੀਜ਼ ਲੰਘਦੀ ਹੋਵੇਗੀ। ਦੂਜੇ ਪਾਸੇ ਮਹਿਲਾਂ ਵਾਲਿਆਂ ਨੂੰ ਯਾਦ ਹੀ ਨਹੀਂ: 'ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ'। ਨਸ਼ਿਆਂ ਦੀ ਦਲਦਲ ਵਿਚ ਧਸਦੀ ਜਵਾਨੀ ਤੇ ਆਤਮ ਹੱਤਿਆਵਾਂ ਕਰ ਰਹੀ ਕਿਸਾਨੀ ਨੂੰ ਮਾਨਸਿਕ ਝੋਰੇ 'ਚੋਂ ਨਿਕਲਣ ਲਈ ਸਾਹਸ ਦੀ ਗੁੜ੍ਹਤੀ ਨੂੰ ਚੱਖਣਾ ਪਵੇਗਾ। ਬਾਜ਼ ਵਾਂਗ ਸਾਨੂੰ ਆਪਣੀ ਵਧੀ ਚੁੰਝ ਨੂੰ ਆਪ ਤਰਾਸ਼ਣਾ ਪਵੇਗਾ। ਗੁਰੂ ਸਾਹਿਬ ਨੇ ਸਾਨੂੰ ਮੁਸ਼ਕਲਾਂ ਨੂੰ ਸਰ ਕਰਨਾ ਸਿਖਾਇਆ ਹੈ। 'ਮਾਨਸ ਰੱਤ ਪੀਣ' ਵਾਲੇ ਸ਼ਬਦ ਨੂੰ ਵਿਚਾਰਨ ਵਾਲਾ ਭ੍ਰਿਸ਼ਟਾਚਾਰ 'ਚ ਲਬਰੇਜ਼ ਨਹੀਂ ਹੋ ਸਕਦਾ। ਜਿਨ੍ਹਾਂ ਨੇ ਬੇਈਮਾਨ ਦੀ ਚਾਦਰ ਓੜ ਲਈ ਹੈ ਉਹ ਗੁਰੂ ਜੀ ਦੀਆਂ ਫ਼ੋਟੋਆਂ ਟੰਗ ਕੇ ਵੀ ਗੁਰੂ ਦੇ ਸਿੱਖ ਨਹੀਂ ਹੋ ਸਕਦੇ। ਅੱਕਾਂ ਵਿਚ ਡਾਂਗਾਂ ਮਾਰਿਆਂ ਕੁਝ ਨਹੀਂ ਥਿਆਉਣਾ। ਨਾ ਹੀ ਮਿੱਟੀ ਫਰੋਲਿਆਂ ਗਵਾਚੇ ਲਾਲ ਹੀ ਲੱਭਣੇ ਹਨ। ਮਨ ਨੂੰ ਖੰਘਾਲੇ ਬਿਨਾਂ ਇਕੱਲੇ ਤਨ ਧੋਤਿਆਂ ਕੁਝ ਨਹੀਂ ਸਵਾਰਿਆ ਜਾਣਾ। ਗੁਰੂ ਦੇ ਫ਼ਲਸਫ਼ੇ 'ਤੇ ਚੱਲੇ ਬਿਨਾਂ ਗੁਰੂ ਵਾਲੇ ਨਹੀਂ ਬਣਿਆ ਜਾ ਸਕਦਾ। ਸਾਨੂੰ ਆਪਣੇ ਵਿਕਾਰਾਂ ਨੂੰ ਤਿਲਾਂਜਲੀ ਦੇਣੀ ਪਵੇਗੀ। ਸ਼ਬਦ ਨਾਲ ਮਨ ਨੂੰ ਮਾਂਜ ਕੇ ਵਿਕਾਰਾਂ ਦੀ ਜੰਗ ਲਾਹੀ ਜਾ ਸਕਦੀ ਹੈ: *'ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ'*।

'ਪੰਜਾਬ ਵੱਸਦਾ ਗੁਰਾਂ ਦੇ ਨਾਂ 'ਤੇ' ਤਾਂ ਫਿਰ ਪੰਜਾਬ ਨਜ਼ਰਾਇਆ ਨਹੀਂ ਜਾ ਸਕਦਾ। ਨਾ ਹੀ ਇਸ 'ਤੇ ਕੌੜੀਆਂ ਮਿਰਚਾਂ ਵਾਰਨ ਦੀ ਹੀ ਕੋਈ ਲੋੜ ਹੈ। ਜਿਸ ਤਰ੍ਹਾਂ ਲੋਕਾਈ ਸਿਧਾਂਤਕ ਤੌਰ 'ਤੇ ਸੱਖਣੀ ਹੈ ਉਸ ਤਰ੍ਹਾਂ ਮਿਰਚਾਂ ਨੂੰ ਵੀ ਠੂੰਠੀ ਰੋਗ ਮਾਰ ਗਿਆ ਹੈ। ਗੁਰੂ ਦੇ ਦਰਸਾਏ ਮਾਰਗ ਤੋਂ ਹਟ ਕੇ ਅਸੀਂ ਖ਼ੁਦ ਹੀ ਮੁਸੀਬਤਾਂ ਸਹੇੜ ਰਹੇ ਹਾਂ। ਅਸੀਂ ਪੂਜਕ ਦੇ ਤੌਰ 'ਤੇ ਬੜੇ ਪਰਪੱਕ ਹੋਣ ਦਾ ਢਕਵੰਜ ਰਚ ਰਹੇ ਹਾਂ ਪਰ ਅਮਲੀ ਤੌਰ 'ਤੇ ਤਸਵੀਰ ਬੜੀ ਅਸਪਸ਼ਟ ਹੈ। ਜਿਸਦਾ ਫ਼ਰਮਾਨ ਗੁਰਬਾਣੀ ਵਿਚ 'ਗਲੀ ਅਸੀ ਚੰਗੀਆ ਆਚਾਰੀ ਬੁਰੀਆਹ' ਦੇ ਰੂਪ ਵਿਚ ਆਇਆ ਹੈ।

ਸੁਆਰਥੀ ਮਨ ਜਦ ਦੁਨਿਆਵੀ ਦੁਸ਼ਵਾਰੀਆਂ ਵਿਚ ਘਿਰ ਜਾਂਦਾ ਹੈ ਤਾਂ ਉਹ ਗੁਰੂ ਨਾਨਕ ਸਾਹਿਬ ਨੂੰ ਮੁੜ ਪ੍ਰਗਟ ਹੋਣ ਦੀ ਅਰਦਾਸ ਬੇਨਤੀ ਕਰਦਾ ਹੈ। ਗੁਰੂ ਹਰ ਰੋਗ ਨਿਵਾਰਨ ਵਾਲਾ ਹੈ। ਪਰ ਇਸ ਸਭ ਦੀ ਨੌਬਤ ਇਸ ਲਈ ਹੀ ਵਾਰ-ਵਾਰ ਆਉਂਦੀ ਹੈ ਜਦੋਂ ਅਸੀਂ ਗੁਰੂ ਜੀ ਦੀਆਂ ਸਿੱਖਿਆਵਾਂ ਨਾਲ ਬਾਵਸਤਾ ਨਹੀਂ ਰਹਿੰਦੇ। ਜਿੱਥੇ ਅਸੀਂ ਗੁਰੂ ਦੀ ਸਿੱਖਿਆ ਨੂੰ ਪੱਲੇ ਬੰਨ੍ਹਿਆ ਹੈ ਉੱਥੇ ਕੋਈ ਤੰਗੀ ਤੁਰਸ਼ੀ ਨਹੀਂ। ਅੱਜ ਵੀ ਬਿਪਤਾ ਸਮੇਂ ਸਭ ਤੋਂ ਪਹਿਲਾਂ ਲੰਗਰ ਗੁਰੂ ਦਾ ਚੱਲ੍ਹਦਾ ਹੈ। ਵਿਅਰਥ ਰਸਮਾਂ ਦੀ ਸਿਰ 'ਤੇ ਚੁੱਕੀ ਪੰਡ ਅਰਥਹੀਣ ਹੈ। ਅੱਜ ਵੀ ਸੱਚ ਨੂੰ ਝੂਠ ਦਾ ਗ੍ਰਹਿਣ ਲੱਗਿਆ ਹੋਇਆ ਹੈ। ਪਾਖੰਡ ਦੀਆਂ ਖੱਬਲ ਵਾਂਗ ਰੋਜ਼ ਨਵੀਆਂ ਤਿੜਾਂ ਫੁੱਟ ਰਹੀਆਂ ਹਨ। ਅਸੀਂ ਜਾਂ ਤਾਂ ਅਸਲ ਨੂੰ ਅਪਣਾਉਣ ਦੀ ਹਿੰਮਤ ਗੁਆ ਚੁੱਕੇ ਹਾਂ ਜਾਂ ਫਿਰ ਅਸੀਂ ਉਸ ਨੂੰ ਆਪਣੇ ਸੁੱਖ-ਸੰਚੇ ਅਨੁਸਾਰ ਢਾਲ ਲਿਆ ਹੈ। ਸਾਡੇ ਸੰਵਾਦ ਦੇ ਸ਼ਬਦ ਬੇ-ਲਗਾਮ ਹੋ ਗਏ ਹਨ। 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਦੇ ਸਬਕ ਨੂੰ ਨਜ਼ਰਅੰਦਾਜ ਕਰਕੇ ਸੁਣਨ ਤੇ ਕਹਿਣ ਦੀ ਵਿਧਾ ਤੋਂ ਅਸੀਂ ਪਾਸਾ ਵੱਟ ਲਿਆ ਹੈ। ਗੁਰੂ ਸਾਹਿਬ ਨੇ ਸਭ ਤਰ੍ਹਾਂ ਦੀਆਂ ਵੰਡੀਆਂ ਨੂੰ ਖ਼ਾਰਜ ਕੀਤਾ। ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦਾ ਡੰਗਿਆ ਭਲਾ ਗੁਰੂ ਸਾਹਿਬ ਦਾ ਕਿਵੇਂ ਹੋ ਸਕਦਾ ਹੈ? ਗੁਰੂ ਸਾਹਿਬ ਨੇ ਵਿਕਾਰੀ ਤੇ ਪਖੰਡੀਆਂ ਨੂੰ ਨਫ਼ਰਤ ਨਹੀਂ ਕੀਤੀ ਸਗੋਂ ਉਹਨਾਂ ਨੂੰ ਸੋਧ ਕੇ ਸਿੱਧੇ ਰਾਹ 'ਤੇ ਪਾਇਆ। ਪੱਛਮੀ ਪੰਜਾਬ ਰਾਹੀਂ ਹਮਲਾਵਰ ਆਉਂਦੇ ਰਹੇ ਪਰ ਗੁਰੂ ਜੀ ਨੇ ਪੱਛਮ ਵੱਲ ਗਿਆਨ ਦੀ ਖਿੜਕੀ ਖੋਲੀ। ਮੂਲ ਨਾਲੋਂ ਟੁੱਟਿਆਂ ਨੂੰ ਜਦੋਂ ਸਮੇਂ ਦੀਆਂ ਬੁਰਾਈਆਂ ਦੱਬ ਲੈਂਦੀਆਂ ਹਨ ਤਾਂ ਅਸੀਂ ਮੁੜ ਗੁਰੂ ਜੀ ਨੂੰ ਫੇਰਾ ਪਾਉਣ ਲਈ ਵਾਰ-ਵਾਰ ਬੰਦਨਾ ਕਰਦੇ ਹਾਂ। ਸ਼ਬਦ ਨੂੰ ਸਰਵਣ ਕਰ ਕੇ ਜੇਕਰ ਅਸੀਂ ਸੁਰਤ ਵਿਚ ਟਿਕਾ ਲਈਏ ਤਾਂ ਮਨ ਵਿਕਾਰਾਂ ਦੇ ਜਾਲ ਵਿਚ ਨਹੀਂ ਫਸੇਗਾ। ਸਵੈ ਨੂੰ ਸੋਧ ਕੇ


**www.sanvad.org**
ISSN : 2395-1273

ਹੀ ਬੁਰਾਈਆਂ ਦਾ ਜੰਗਾਲ ਲਾਹਿਆ ਜਾ ਸਕਦਾ ਹੈ। ਅਸੀਂ ਕਿਸਮਤ ਵਾਲੇ ਹਾਂ ਕਿ ਇਸ ਧਰਤ ਸੁਹਾਵਣੀ ਨੂੰ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਹੈ। ਇਸ ਦੀ ਫ਼ਿਜ਼ਾ 'ਚ ਸ਼ਬਦ ਗੂੰਜਦੇ ਹਨ। ਅਸੀਂ ਗੂੰਗੇ ਤੇ ਬਹਿਰੇ ਨਾ ਬਣੀਏ। ਸਾਨੂੰ ਕੰਨ ਖੋਲ੍ਹਣ ਲਈ ਕਿਸੇ ਉੱਚੇ ਖੜਾਕ ਦੀ ਲੋੜ ਨਹੀਂ। ਸਾਡੇ ਕੋਲ ਤਾਂ ਸ਼ਬਦ ਨਾਲ ਰਬਾਬ ਦੀ ਧੁੰਨ ਹੈ ਜਿਸ ਅੱਗੇ ਬਾਬਰ ਨੂੰ ਵੀ ਝੁਕਣਾ ਪਿਆ ਸੀ। ਆਪਣੇ ਹੱਥੀਂ ਅਸੀਂ ਆਪਣੇ ਫ਼ਲਸਫ਼ੇ ਨਾਲ ਆਪਣਾ ਕਾਜ ਸਵਾਰੀਏ। *'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ'* 'ਤੇ ਧਿਆਨ ਧਰ ਕੇ ਆਪਾ ਚੀਨਣ ਦੀ ਲੋੜ ਹੈ। ਮੈਂ ਨੂੰ ਮਾਰ ਕੇ ਅਸੀਂ ਸਰਬੱਤ ਦੇ ਭਲੇ ਦੀ ਪੌੜੀ ਚੜ੍ਹ ਸਕਦੇ ਹਾਂ। ਸੰਗਤ, ਪੰਗਤ ਤੇ ਲੰਗਰ ਖ਼ੁਦ ਨੂੰ ਸੋਧਣ, ਅਨੁਸ਼ਾਸਨ 'ਚ ਰਹਿਣ ਤੇ ਹੱਥੀਂ ਕਿਰਤ ਕਰਕੇ ਦਾਨ ਦੇਣ ਦਾ ਅਦਭੁਤ ਸੁਮੇਲ ਹੈ। ਜਦੋਂ ਮੈਂ ਦਾ ਸਰਬੱਤ ਵਿਚ ਸੁਮੇਲ ਕਰਾਂਗੇ ਤਾਂ ਅਜਿਹਾ ਸਮਾਜ ਸਿਰਜਾਂਗੇ ਜਿਸ ਦੇ ਤਾਣੇ ਪੇਟੇ ਵਿਚ ਵੰਨ ਸੁਵੰਨਤਾ, ਭਾਈਚਾਰਕ ਸਾਂਝ ਅਤੇ ਸਭੈ ਰੰਗ ਹੋਣਗੇ ਤੇ ਅਸੀਂ 'ਰੰਗ ਪਰੰਗ ਸਿਸਟਿ ਸਭ ਸਾਜੀ ਬਹੁ ਬਹੁ ਬਿਧਿ ਭਾਂਤਿ ਉਪਾਵਣੀ' ਨੂੰ ਮਹਿਸੂਸ ਕਰਨ ਦੇ ਯੋਗ ਹੋਵਾਂਗੇ। ਸਾਨੂੰ ਕੇਵਲ ਚਿੰਤਾ ਹੀ ਨਹੀਂ ਸਗੋਂ ਚਿੰਤਨ ਕਰਨ ਦੀ ਲੋੜ ਹੈ। *'ਮੰਨੈ ਸੁਰਤਿ ਹੋਵੈ ਮਨਿ ਬੁਧਿ'* ਦੇ ਸੰਦੇਸ਼ ਤੇ ਅਮਲ ਕਰਕੇ ਖ਼ੁਦ ਦਾ ਰੁਖ ਮੋੜੀਏ। ਹਵਾ 'ਚ ਗੰਧ, ਧਰਤੀ 'ਤੇ ਗੰਦ ਤੇ ਪਾਣੀ 'ਚ ਜ਼ਹਿਰ ਨਾ ਮਿਲਾਈਏ। ਮਨੁੱਖੀ ਰਿਸ਼ਤਿਆਂ 'ਚੋਂ ਨਿੱਘ ਗਵਾਚਣ ਦਾ ਰਾਗ ਨਾ ਅਲਾਪੀਏ। ਸਗੋਂ ਇਸ ਨਿੱਘ ਨੂੰ ਕਾਇਮ ਕਰਨ ਲਈ ਪਦਾਰਥਵਾਦ ਨੂੰ ਤਿਆਗ ਕੇ ਸਰਬੱਤ ਦੇ ਭਲੇ ਲਈ ਅਰਦਾਸ ਕਰੀਏ। ਕਾਦਰ ਦੀ ਕੁਦਰਤ ਨਾਲ ਖਿਲਵਾੜ ਕਰਕੇ ਉਸ ਦੀ ਸਿਰਜਣਾ 'ਚੋਂ ਕਦੇ ਵੀ ਮਨ ਭਾਉਂਦੀ ਵਸਤੂ ਪ੍ਰਾਪਤ ਹੋ ਸਕਦੀ: *'ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ'*।

ਜਦੋਂ ਕਿਧਰੇ ਸਾਡੇ ਹੱਥਾਂ ਨੂੰ ਸਮੇਂ ਦੇ ਕੰਡੇ ਵਿੰਨ੍ਹਦੇ ਹਨ ਤਾਂ ਅਸੀਂ ਸੋਚਦੇ ਹਾਂ ਸਮਾਂ ਬਦਲ ਗਿਆ ਹੈ। ਸਮੇਂ ਨੇ ਤਾਂ ਚਲਦੇ ਰਹਿਣਾ ਹੈ ਬਦਲੇ ਤਾਂ ਅਸੀਂ ਹਾਂ। ਅਸੀਂ ਕਿਸਮਤ ਵਾਲੇ ਹਾਂ ਕਿ ਸਾਨੂੰ ਬਦਲਿਆਂ ਨੂੰ ਸੋਧਣ ਦੀ ਸਮਰਥਾ ਇੱਥੋਂ ਦੀ ਫ਼ਿਜ਼ਾ ਅੰਦਰ ਅਜੇ ਵੀ ਰੁਮਕਦੀ ਹੈ। ਆਓ ਆਪਣੇ ਵਿਕਾਰਾਂ ਨੂੰ ਜਾਗ ਲਾ ਕੇ ਨਵੇਂ ਪਦਾਰਥ ਵਿਚ ਢਾਲ ਲਈਏ। ਆਪਣੀਆਂ ਤੇ ਸਮਾਜ ਦੀਆਂ ਬੁਰਾਈਆਂ 'ਤੇ ਚੰਗਿਆਈ ਦੀ ਪਿਉਂਦ ਦੇ ਕੇ ਅਸੀਂ ਸਵੈ, ਸਮਾਜ ਤੇ ਸੰਸਾਰ ਨੂੰ ਦੱਸ ਸਕੀਏ ਕਿ ਪੰਜਾਬ ਵੱਸਦਾ ਗੁਰਾਂ ਦੇ ਨਾਂ 'ਤੇ।

*ਅਜ ਧਰਤੀ ਥੱਕੀ ਪਈ ਹੈ, ਅਸੀਂ ਵੀ ਹੰਭੇ ਹੋਏ ਹਾਂ,*
*ਵਸਤਾਂ ਦੇ ਬੋਝ ਹੇਠ 'ਵਿਸਮਾਦ' ਦੱਬ ਗਿਆ ਹੈ।*
*ਪਰ ਪੰਜਾਬ ਦੇ ਵਹਿਣ ਵਿਚ ਅੱਜ ਵੀ*

ਉਸ ਬਾਬੇ ਦੀ ਆਵਾਜ਼ ਗੂੰਜਦੀ ਹੈ:

*"ਕਿਰਤ ਕਰੋ, ਵੰਡ ਛਕੋ, ਨਾਮ ਜਪੋ",*
*ਇਹ ਕੋਈ ਧਾਰਮਿਕ ਜੰਜ਼ੀਰ ਨਹੀਂ,*
*ਇਹ ਤਾਂ ਰੂਹ ਦੀ ਸੁਤੰਤਰਤਾ ਦਾ ਕਾਵਿ ਹੈ-*
*ਇਕ ਅਜਿਹੀ ਕ੍ਰਾਂਤੀ,*
*ਜੋ ਸਾਡੀ 'ਚਾਹਤ' ਦੇ ਰੁਖ ਨੂੰ ਹੀ ਮੋੜ ਦਿੰਦੀ ਹੈ।* (ਅਮਰਜੀਤ ਗਰੇਵਾਲ)

**ਹਵਾਲੇ:**


1. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 15.
2. **ਉਹੀ**, ਪੰਨਾ 356.
3. ਜਸਵੰਤ ਜ਼ਫ਼ਰ, **ਅਸੀਂ ਨਾਨਕ ਦੇ ਕੀ ਲਗਦੇ ਹਾਂ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2016, ਪੰਨਾ 29.
4. ਭਾਈ ਗੁਰਦਾਸ ਜੀ, ਵਾਰ ਪਹਿਲੀ, ਪਾਉੜੀ 27ਵੀਂ।
5. **ਉਹੀ.**
6. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1349.
7. **ਉਹੀ**, ਪੰਨਾ 1039.
8. **ਉਹੀ**, ਪੰਨਾ 360.
9. **ਉਹੀ**, ਪੰਨਾ 1412.
10. **ਉਹੀ**, ਪੰਨਾ 417.

11. ਡਾ. ਰਤਨ ਸਿੰਘ ਜੱਗੀ (ਸੰਪਾ.), **ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015, ਪੰਨਾ 75.
12. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 819.
13. ਹਰਿਭਜਨ ਸਿੰਘ, **"ਮਰਦਾਨਾ ਬੋਲਦਾ ਹੈ"**, **ਕਾਵਿ-ਸ਼ਾਸਤਰ**, ਜਿਲਦ ਪਹਿਲੀ, ਅੰਕ 15, ਮਈ-ਅਗਸਤ 2019, ਪੰਨਾ 91.
14. ਗੁਰਦਿੱਤ ਗੁਰਲਾਲ ਸਿੰਘ ਬਰਾੜ, **ਕਾਮਾਗਾਟਾਮਾਰੂ ਦਾ ਸਹਿ ਨਾਇਕ ਭਾਈ ਦਲਜੀਤ ਸਿੰਘ (ਭਾਈ ਰਾਏ ਸਿੰਘ)**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2017, ਪੰਨੇ 227-28. ਪ੍ਰਿਥੀਪਾਲ ਸਿੰਘ ਕਪੂਰ, ਦਰਸ਼ਨ ਸਿੰਘ ਤਤਲਾ (ਸੰਪਾ.), ਗੁਰਦਿੱਤ ਸਿੰਘ, ਜ਼ੁਲਮੀ ਕਥਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2014, ਪੰਨਾ 113.
15. **ਪ੍ਰਿਥੀਪਾਲ ਸਿੰਘ ਕਪੂਰ**, ਦਰਸ਼ਨ ਸਿੰਘ ਤਤਲਾ (ਸੰਪਾ.), ਉਹੀ, ਪੰਨਾ 106.
16. **ਉਹੀ**, ਪੰਨਾ 451.
17. ਅਜਮੇਰ ਸਿੰਘ, **ਗ਼ਦਰੀ ਬਾਬੇ ਕੌਣ ਸਨ? ਅਨਮਤੀਆਂ ਦੇ ਕੂੜ ਦਾਵਿਆਂ ਦਾ ਖੰਡਨ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2014, ਪੰਨਾ, 137.
18. **ਪ੍ਰਿਥੀਪਾਲ ਸਿੰਘ ਕਪੂਰ**, ਦਰਸ਼ਨ ਸਿੰਘ ਤਤਲਾ (ਸੰਪਾ.), ਉਹੀ, ਪੰਨਾ 89.
19. **ਉਹੀ**, ਪੰਨਾ 174.
20. ਕਿਰਪਾਲ ਸਿੰਘ ਕਸੇਲ (ਸੰਪਾ.), **ਗ਼ਦਰ ਲਹਿਰ ਦੀ ਵਾਰਤਕ**, (ਸੰਕਲਨ ਕਰਤਾ: ਗਿਆਨੀ ਕੇਸਰ ਸਿੰਘ), ਪੰਜਾਬੀ ਯੂਨੀਵਰਸਿਟੀ ਪਟਿਆਲਾ, 2008, ਪੰਨਾ 8.
21. Jasbir Singh Man, **"Revaluating the Origion and Inspiration of Sikh Gadhar 1907-1918"**, http://globalsikhstudies.net
22. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1288.
23. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, **ਪੰਜਾਬੀ ਲੋਕਧਾਰਾ ਵਿਸ਼ਵ ਕੋਸ਼**, ਜਿਲਦ ਪੰਜਵੀਂ, ਨੈਸ਼ਨਲ ਬੁਕ ਸ਼ਾਪ, ਨਵੀਂ ਦਿੱਲੀ, 2004, ਪੰਨਾ 696.
24. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 469.
25. **ਉਹੀ**, ਪੰਨਾ 23.
26. **ਉਹੀ**, ਪੰਨਾ 722.
27. **ਉਹੀ**, ਪੰਨਾ 85.
28. **ਉਹੀ**, ਪੰਨਾ 661.
29. **ਉਹੀ**, ਪੰਨਾ 441.
30. **ਉਹੀ**, ਪੰਨਾ 1314.
31. **ਉਹੀ**, ਪੰਨਾ 3.
32. **ਉਹੀ**, ਪੰਨਾ 468.

✧


ISSN : 2395-1273